# 11 ਆਧੁਨਿਕ ਪੰਜਾਬੀ ਵਾਰਤਕ

## ਪਾਠ ਦੀ ਰੂਪ ਰੇਖਾ

11.0 ਮਨੋਰਥ

11.1 ਭੂਮਿਕਾ

11.2 ਆਧੁਨਿਕ ਪੰਜਾਬੀ ਵਾਰਤਕ ਇਕ ਪਰਿਚਯ

11.2.1 ਨਰਿੰਦਰ ਸਿੰਘ ਕਪੂਰ

11.2.2 ਰਿਸ਼ਵਤ

11.2.3 ਨਰਿੰਦਰ ਸਿੰਘ ਕਪੂਰ ਦੇ ਲੇਖ 'ਰਿਸ਼ਵਤ'ਦਾ ਕਲਾ ਪੱਖ

## 11.0 ਮਨੋਰਥ

ਜੇ ਕਵਿਤਾ ਦਿੱਲ ਤੋਂ ਉਪਜਦੀ ਹੈ ਤਾਂ ਵਾਰਤਕ ਦਿਮਾਗ਼ ਦੀ ਉਪਜ ਹੁੰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਕਵਿਤਾ ਭਾਵਨਾਵਾਂ ਦੀ ਪੇਸ਼ਕਾਰੀ ਕਰਦੀ ਹੈ ਜਦਕਿ ਵਾਰਤਕ ਵਿਚ ਤਰਕ ਪ੍ਰਧਾਨ ਹੁੰਦਾ ਹੈ। ਇਸ ਪਾਠਕ੍ਰਮ ਵਿਚ ਅਸੀਂ ਵਿਦਿਆਰਥੀਆਂ ਦੀ ਸਾਂਝ ਪੰਜਾਬੀ ਸਾਹਿਤ ਦੇ ਹਰ ਰੂਪਾਕਾਰ ਨਾਲ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਮਨੋਰਥ ਇਹੋ ਹੈ ਕਿ ਇਸ ਦੇ ਅਧਿਐਨ ਤੋਂ ਬਾਅਦ ਵਿਦਿਆਰਥੀਆਂ ਨੂੰ ਸਮੁੱਚੇ ਪੰਜਾਬੀ ਸਾਹਿਤ ਦੀ ਰੂਪ ਰੇਖਾ ਦਾ ਗਿਆਨ ਹੋ ਜਾਵੇ। ਪੰਜਾਬੀ ਵਾਰਤਕ ਦੇ ਵੀ ਹੁਣ ਕਈ ਰੂਪ ਸਾਹਮਣੇ ਆ ਗਏ ਹਨ। ਸਾਰੇ ਰੂਪਾਂ ਦੀ ਪੜ੍ਹਤ ਇਕ ਪੂਰੇ ਪੇਪਰ ਦੀ ਮੰਗ ਕਰਦੀ ਹੈ ਇਸ ਲਈ ਅਸੀਂ ਇਸ ਵਿਚ ਨਿਬੰਧ ਦੇ ਵਿਹਾਰਕ ਅਧਿਐਨ ਤੱਕ ਸੀਮਤ ਰੱਖਿਆ ਹੈ।

## 11.1 ਭੂਮਿਕਾ

ਇਹ ਇਕ ਪ੍ਰਚਲਿਤ ਅਤੇ ਸਰਵ-ਪ੍ਰਵਾਨਿਤ ਹੈ ਕਿ ਇਕ ਸਾਹਿਤ ਰੂਪ ਵਜੋ ਸੰਸਾਰ ਵਿਚ ਪਹਿਲਾ ਕਵਿਤਾ ਦਾ ਉਦੈ ਹੋਇਆ ਵਾਰਤਕ ਢੇਰ ਚਿਰ ਪਿਛੋਂ ਲਿਖੀ ਜਾਣੀ ਆਰੰਭ ਹੋਈ। ਕਵਿਤਾ ਦੀ ਉਤਪਤੀ ਨੂੰ ਪ੍ਰਾਚੀਨ ਮਨੁੱਖ ਦੇ ਭਾਵੁਕ ਅਤੇ ਜ਼ਜਬਾਤੀ ਸੁਭਾਅ ਨਾਲ ਅਤੇ ਵਾਰਤਕ ਦੀ ਉਤਪਤੀ ਨੂੰ ਚਿੰਤਨ ਦੇ ਵਿਕਾਸ ਅਤੇ ਬੋਧਿਕਤਾ ਨਾਲ ਜੋੜ ਕੇ ਵੇਖਿਆ ਜਾਂਦਾ ਰਿਹਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦਾ ਵੀ ਲਗਭਗ ਇਹੋ ਮੱਤ ਹੈ। ਇਸ ਮੱਤ ਅਨੁਸਾਰ ਮੁੱਢਲਾ ਮਨੁੱਖ ਜਦੋਂ ਅਜੇ ਬੋਧਿਕ ਤੌਰ ਤੇ ਵਧੇਰੇ ਚੇਤੰਨ ਅਤੇ ਸਮਰੱਥ ਨਹੀਂ ਸੀ, ਉਦੋਂ ਉਹਦੇ ਮਨ-ਮਸਤਕ ਦੇ ਆਪ-ਮੁਹਾਰੇ ਵੇਗ-ਮੱਤੇ ਪ੍ਰਗਟਾਉ ਲਈ ਕਵਿਤਾ ਹੀ ਸਭ ਤੋਂ ਉਚਿਤ ਮਾਧਿਅਮ ਸੀ। ਵਾਰਤਕ ਲੇਖਣ ਲਈ ਤਾਂ ਉਚਿਤ ਵਾਤਾਵਰਨ ਪੂੰਜੀਵਾਦੀ ਸਭਿਅਤਾ ਦੇ ਵਿਕਾਸ ਨਾਲ ਉਦੋਂ ਹੋਂਦ ਵਿਚ ਆਇਆ ਜਦੋਂ ਮਨੁੱਖ ਆਪਣੇ ਅਤੇ ਆਪਣੇ ਚੌਗਿਰਦੇ ਬਾਰੇ ਚੇਤੰਨ ਹੋ ਕੇ ਸੋਚਣ ਲੱਗਾ। ਇਹ ਲੌਕਿਕ ਜੀਵਨ ਉਸਦੀ ਸੋਚ ਦਾ ਕੇਂਦਰ ਬਿੰਦੂ ਬਣਿਆ ਸਮੁੱਚੇ ਬ੍ਰਹਿਮੰਡ, ਜ਼ਿੰਦਗੀ ਤੇ ਸਮਾਜ-ਸਭਿਆਚਾਰ ਨੂੰ ਜਾਨਣ-ਘੋਖਣ ਲਈ ਉਸ ਨੂੰ ਵਿਗਿਆਨਕ ਅਤੇ ਤਰਕਸ਼ੀਲ ਯਥਾਰਥਵਾਦੀ ਦ੍ਰਿਸ਼ਟੀਕੋਣ ਹਾਸਿਲ ਹੋਇਆ। ਸਮੁੱਚੇ ਵਰਤਾਰੇ ਨੂੰ ਬੋਧਿਕ ਤੌਰ ਤੇ ਜੋਹਣ-ਜਾਚਨ ਤੇ ਉਸ ਬਾਰੇ ਰਾਇ ਵਿਅਕਤ ਕਰਨ ਲਈ ਨਿਸ਼ਚੇ ਹੀ ਵਾਰਤਕ ਤੋਂ ਉਚਿਤ ਵਿਧਾ ਹੋਰ ਕੋਈ ਨਹੀਂ ਸੀ ਹੋ ਸਕਦੀ।

## 11.2 ਆਧੁਨਿਕ ਪੰਜਾਬੀ ਵਾਰਤਕ ਇਕ ਪਰਿਚਯ

ਪੰਜਾਬੀ ਵਾਰਤਕ ਦਾ ਮੁੱਢ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸਬੰਧਿਤ ਸਾਖੀਆਂ ਨਾਲ ਬੱਝਦਾ ਹੈ। ਇਹ ਸਾਖੀਆਂ ਵੱਖ-ਵੱਖ ਲੇਖਕਾਂ ਵਲੋਂ ਗੁਰੂ ਸਾਹਿਬ ਦਾ ਨਾਇਕਤਵ ਉਸਾਰਨ ਲਈ ਰਚੀਆਂ ਗਈਆਂ। ਹੋਰ ਮਧਕਾਲੀਨ ਵਾਰਤਕ ਰੂਪਾਂ ਵਿਚ ਸਾਖੀ, ਗੋਸ਼ਟਿ, ਬਚਨ, ਸੁਖਨ, ਪਰਚੀਆਂ, ਪਰਮਾਰਥ, ਟੀਕਾ, ਮਹਾਤਮ, ਹੁਕਮਨਾਮੇ, ਰਹਿਤਨਾਮਾ ਆਦਿ ਹਨ। ਇਹ ਸਾਰੇ ਵਾਰਤਕ ਰੂਪ ਅਧਿਆਤਮਕ ਅਤੇ ਆਦਰਸ਼ਕ ਸਰੋਕਾਰਾਂ ਨਾਲ ਸਬੰਧਿਤ ਸਨ।

ਆਧੁਨਿਕ ਸਾਹਿਤ ਦੀਆਂ ਹੋਰ ਵਿਧਾਵਾਂ ਵਾਂਗ ਆਧੁਨਿਕ ਵਾਰਤਕ ਦਾ ਜਨਮ ਵੀ ਪੰਜਾਬ ਵਿਚ ਅੰਗਰੇਜ਼ਾਂ ਦੀ ਆਮਦ ਨਾਲ ਜੁੜਿਆ ਹੋਇਆ ਹੈ। ਪੰਜਾਬ ਉੱਤੇ ਕਬਜ਼ਾ ਕਰਨ ਉਪਰੰਤ ਪੰਜਾਬੀਆਂ ਨੂੰ ਮਾਨਸਿਕ ਤੌਰ 'ਤੇ ਆਪਣੇ ਅਧੀਨ ਕਰਨ ਲਈ ਇਸਾਈ ਮਿਸ਼ਨਰੀਆਂ ਨੇ ਉਚੇਚੇ ਯਤਨ ਕਰਕੇ ਪੰਜਾਬੀ ਵਿਚ ਇਸਾਈ ਸਾਹਿਤ ਉਪਲਬਧ ਕਰਵਾਇਆ। ਇਸ ਮਨੋਰਥ ਲਈ ਉਨ੍ਹਾਂ ਲੁਧਿਆਣੇ ਵਿਚ ਪਹਿਲੀ ਪ੍ਰਿੰਟਿੰਗ ਪ੍ਰੈਸ ਵੀ ਲਾਈ ਅਤੇ ਇਸਾਈ ਧਰਮ ਅਤੇ ਬਾਈਬਲ ਦਾ ਪ੍ਰਚਾਰ ਕਰਨ ਵਾਸਤੇ ਪੁਸਤਕਾਂ, ਟੈਕਟ 'ਤੇ ਪੱਤਰੇ ਵੀ ਛਾਪ ਕੇ ਵੰਡਣੇ ਸ਼ੁਰੂ ਕੀਤੇ। ਇਸ ਪ੍ਰਚਾਰ ਸਦਕਾ ਜਦੋਂ ਪੰਜਾਬ ਦੇ ਲੋਕ ਇਸਾਈ ਬਣਨ ਲੱਗੇ ਤਾਂ ਉਸ ਸਮੇਂ ਦੇ ਹੋਰਨਾਂ ਧਰਮਾਂ ਦੇ ਆਗੂਆਂ ਨੂੰ ਆਪਣੇ ਧਰਮ ਨੂੰ ਪੁੱਜਣ ਵਾਲੀ ਠੇਸ ਦਾ ਸੁਚੇਤ ਅਹਿਸਾਸ ਹੋਇਆ। ਹਿੰਦੂ, ਸਿੱਖ, ਅਤੇ ਮੁਸਲਮਾਨ ਦੇ ਆਗੂਆਂ ਨੇ ਅੰਗਰੇਜ਼ਾਂ ਦੇ ਸਭਿਆਚਾਰਕ ਹਮਲਿਆਂ ਦਾ ਜਵਾਬ ਉਨਾਂ ਦੀ ਭਾਸ਼ਾ ਵਿਚ ਦੇਣ ਲਈ ਵੱਖ-ਵੱਖ ਸੰਗਠਨ ਕਾਇਮ ਕਰ ਲਏ। ਭਾਵੇਂ ਕੁਝ ਵੀ ਹੋਵੇ ਆਧੁਨਿਕ ਪੰਜਾਬੀ ਸਾਹਿਤ ਦੇ ਜਨਮਣ ਅਤੇ ਵਿਗਸਣ ਲਈ ਵਾਤਾਵਰਨ ਤਿਆਰ ਕਰਨ ਪਿੱਛੇ ਅੰਗਰੇਜ਼ ਇਸਾਈਆਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਅੰਗਰੇਜ਼ ਸ਼ਾਸਕਾਂ ਨੇ ਸ਼ਰਧਾ ਰਾਮ ਫ਼ਿਲੌਰੀ ਜਿਹੇ ਲੇਖਕਾਂ ਨੂੰ ਸਰਪ੍ਰਸਤੀ ਦਿੱਤੀ. 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ-ਚੀਤ' ਸ਼ਰਧਾ ਰਾਮ ਫ਼ਿਲੌਰੀ ਦੀਆਂ ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਸਰਵਪ੍ਰਥਮ ਮੁੱਢਲਾ ਯੋਗਦਾਨ ਪਾਉਣ ਵਾਲੀਆਂ ਪੁਸਤਕਾਂ ਆਖੀਆਂ ਜਾ ਸਕਦੀਆਂ ਹਨ।

ਸ਼ਰਧਾ ਰਾਮ ਫ਼ਿਲੌਰੀ ਤੋਂ ਬਿਨ੍ਹਾਂ ਉਨੀਵੀਂ ਸਦੀ ਦੇ ਪਿਛਲੇ ਅੱਧ ਅਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ ਜਿਹੜੇ ਵਾਰਤਕ ਲੇਖਕ ਮੰਚ ਉੱਤੇ ਆਏ ਉਹਨਾਂ ਵਿਚ ਬਿਹਾਰੀ ਲਾਲ ਪੁਰੀ, ਪ੍ਰੋਫੈਸਰ ਗੁਰਮੁੱਖ ਸਿੰਘ, ਗਿਆਨੀ ਦਿੱਤ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਅਤਰ ਸਿੰਘ, ਗਿਆਨੀ ਗਿਆਨ ਸਿੰਘ ਤੇ ਡਾ. ਚਰਨ ਸਿੰਘ ਆਦਿ ਦੇ ਨਾਮ ਵਰਨਣਯੋਗ ਹਨ । ਇਹਨਾਂ ਲੇਖਕਾਂ ਦਾ ਮਕਸਦ ਤਾਂ ਆਪਣੇ ਧਰਮ, ਸਮਾਜ ਅਤੇ ਸਭਿਆਚਾਰ ਦੀਆਂ ਹਾਂ-ਮੁਖ ਕੀਮਤਾਂ ਨੂੰ ਦ੍ਰਿੜ ਕਰਾਉਣਾ ਸੀ ਪਰ ਇਸ ਦੇ ਨਾਲ ਅਚੇਤ ਹੀ ਕਲਾ ਦੇ ਪੱਖ ਤੋਂ ਲਿਖੀ ਜਾਂਦੀ ਅੰਗਰੇਜ਼ੀ ਵਾਰਤਕ ਦਾ ਪ੍ਰਭਾਵ ਕਬੂਲ ਕੇ ਚੰਗੀ ਕਲਾਮਈ ਵਾਰਤਕ ਲਿਖਣ ਦਾ ਰੁਝਾਨ ਵੀ ਪ੍ਰਬਲ ਹੋਣ ਲੱਗਾ।

ਵੀਹਵੀਂ ਸਦੀ ਦੇ ਪਹਿਲ ਪ੍ਰਮੁੱਖ ਵਾਰਤਕ ਲੇਖਕ ਵਜੋਂ ਭਾਈ ਵੀਰ ਸਿੰਘ ਦਾ ਨਾਮ ਹੀ ਉਭਰ ਕੇ ਸਾਹਮਣੇ ਆਉਂਦਾ ਹੈ। ਕੇਂਦਰੀ ਠੇਠ ਪੰਜਾਬੀ ਵਿਚ ਵਾਰਤਕ ਰਚਨਾ ਕਰਨ ਵਾਲੇ ਇਸ ਲਖਕ ਨੇ 'ਖ਼ਾਲਸਾ ਸਮਾਚਾਰ' ਲਈ ਲਗਪਗ ਚੌਦਾਂ ਸੌ ਟ੍ਰੈਕਟਾਂ ਅਤੇ ਸੱਤ ਸੌ ਤੋਂ ਜ਼ਿਆਦਾ ਲੇਖਾਂ ਦੀ ਰਚਨਾ ਕੀਤੀ। 'ਗੁਰੂ ਨਾਨਕ ਚਮਤਕਾਰ', 'ਕਲਗੀਧਰ ਚਮਤਕਾਰ', 'ਅਸ਼ਟ ਗੁਰ ਚਮਤਕਾਰ', 'ਸੰਤ ਗਾਥਾ', 'ਗੁਰੂ ਬਾਲ ਸਾਖੀਆਂ', 'ਗੁਰਬਿਲਾਸ ਸਾਖੀਆਂ', 'ਪਾਤਸ਼ਾਹੀ ਪਹਿਲੀ ਤੇ ਪਾਤਸ਼ਾਹੀ ਦਸਵੀਂ' ਆਦਿ ਭਾਈ ਵੀਰ ਸਿੰਘ ਦੀਆਂ ਪ੍ਰਮੁੱਖ ਰਚਨਾਵਾਂ ਹਨ।

1930 ਤੋਂ ਬਾਅਦ ਪੰਜਾਬੀ ਵਾਰਤਕ ਦਾ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ । ਇਸ ਦੌਰ ਦੀ ਵਾਰਤਕ ਜਿਥੇ ਹਰ ਤਰ੍ਹਾਂ ਦੇ ਸਮਾਜਕ-ਸਭਿਆਚਾਰਕ ਪਰਿਵਰਤਨ ਨੂੰ ਜ਼ਬਾਨ ਦੇਣ ਦਾ ਵਾਹਣ ਬਣੀ ਉਥੇ ਵਾਰਤਕ ਦੀਆਂ ਵਿਭਿੰਨ ਵਿਧਾਵਾਂ ਜਨਮ ਲੈ ਕੇ ਮੌਲਣ ਵਿਗਸਣ ਲੱਗੀਆਂ। ਨਿਬੰਧ ਤੋਂ ਇਲਾਵਾ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਰੇਖਾ-ਚਿਤਰ, ਲਲਿਤ ਨਿਬੰਧ, ਰੀਪੋਰਤਾਜ, ਯਾਦਾਂ, ਡਾਇਰੀ ਆਦਿ ਵਿਧਾਵਾਂ ਇਸੇ ਸਦੀ ਵਿਚ ਜਨਮ ਲੈ ਕੇ ਆਪਣੀ ਇਕ ਵਿਲੱਖਣ ਖ਼ੁਦ ਮੁਖ਼ਤਾਰ ਪਛਾਣ ਬਨਾਉਣ ਦੇ ਸਮਰੱਥ ਹੋਈਆਂ।

ਪ੍ਰੋ. ਪੂਰਨ ਸਿੰਘ ਜਿਹੇ ਵਿਦਵਾਨ ਲੇਖਕ ਨੇ ਪੰਜਾਬੀ ਕਵਿਤਾ ਵਾਂਗ ਹੀ ਪੰਜਾਬੀ ਵਾਰਤਕ ਨੂੰ ਇਕ ਨਵੀਂ ਦਿਸ਼ਾ ਦਿੱਤੀ । ਉਸਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਵਾਰਤਕ ਰਚਨਾ ਇਕ ਕਲਾਮਈ ਕਾਰਜ ਹੈ।

ਪ੍ਰੋ. ਪੂਰਨ ਸਿੰਘ ਤੇ ਲਾਲ ਸਿੰਘ ਕਮਲਾ ਅਕਾਲੀ ਤੋਂ ਇਲਾਵਾ ਇਸ ਦੌਰ ਦੇ ਪ੍ਰਮੁੱਖ ਲੇਖਕ ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ, ਕਪੂਰ ਸਿੰਘ, ਡਾ. ਬਲਬੀਰ ਸਿੰਘ, ਹਰਿੰਦਰ ਸਿੰਘ ਰੂਪ, ਮਾਸਟਰ ਤਾਰਾ ਸਿੰਘ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਹਨ। ਇਹ ਲੇਖਕ ਹਨ ਜਿਹਨਾਂ ਦੀ ਛੂਹ ਨਾਲ ਪੰਜਾਬੀ ਵਾਰਤਕ ਆਪਣੀ ਵੱਖਰੀ, ਨਿਸਚਤ, ਮੌਲਿਕ ਤੇ ਵਿਲੱਖਣ ਪਛਾਣ ਬਣਾਉਣ ਦੇ ਸਮਰੱਥ ਹੋਈ। ਇਹਨਾਂ ਲੇਖਕਾਂ ਵਿਚੋਂ ਭਾਈ ਜੋਧ ਸਿੰਘ, ਪ੍ਰਿੰ. ਸਾਹਿਬ ਸਿੰਘ, ਡਾ. ਬਲਬੀਰ ਸਿੰਘ ਤੇ ਕਪੂਰ ਸਿੰਘ ਆਦਿ ਲੇਖਕ ਸਿੱਖ ਧਰਮ ਦੀ ਮੂਲ ਭਾਵਨਾ ਅਧੀਨ ਸਮਾਜ ਦਾ ਸੁਧਾਰ ਕਰਨ ਲਈ ਪ੍ਰਤੀਬੱਧ ਹਨ ਪਰ ਭਾਈ ਵੀਰ ਸਿੰਘ ਨਾਲੋਂ ਇਹਨਾਂ ਵਿਚ ਇਹ ਫਰਕ ਹੈ ਕਿ ਇਹਨਾਂ ਦੀ ਦ੍ਰਿਸ਼ਟੀ ਵੀਰ ਸਿੰਘ ਵਾਂਗ ਸਿੱਖ ਧਰਮ ਪ੍ਰਤੀ ਸ਼ਰਧਾਮਈ ਉਲਾਰ ਵਾਲੀ ਨਾ ਹੋ ਕੇ ਤਰਕਮਈ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਇਕ ਮਹੱਤਵਪੂਰਨ ਸਾਹਿਤਕ-ਘਟਨਾ ਵਜੋਂ ਜਾਣਿਆ ਜਾਂਦਾ ਹੈ। ਪੱਛਮੀ ਗਿਆਨ, ਵਿਗਿਆਨ ਦੀ ਸਿੱਖਿਆ ਨਾਲ ਲੈਸ ਤੇ ਆਜ਼ਾਦ, ਖੁੱਲ੍ਹ-ਖ਼ਿਆਲੀ ਅਮਰੀਕਨ ਜੀਵਨ ਜਾਚ ਤੋਂ ਪ੍ਰਭਾਵਤ ਗੁਰਬਖ਼ਸ਼ ਸਿੰਘ ਦਾ ਸੁਪਨਾ ਪੰਜਾਬ ਦੀ ਧਰਤੀ 'ਤੇ ਵੀ ਅਜਿਹਾ ਸੁਖੀ ਤੇ ਖੁਸ਼ਹਾਲ ਸਮਾਜ ਉਸਾਰਨਾ ਸੀ ਜੋ ਵਹਿਮ, ਭਰਮਾਂ ਤੋਂ ਮੁਕਤ ਹੋਵੇ ਤੇ ਧਾਰਮਿਕ ਤੰਗ-ਦਿਲੀ ਤੋਂ ਉਪਰ, ਪ੍ਰੀਤ ਵਿਚ ਪਰੁੱਚੇ ਭਾਈਚਾਰੇ ਦਾ ਰੂਪ ਹੋਵੇ।

ਵੀਹਵੀਂ ਸਦੀ ਵਿਗਿਆਨਕ ਤਰੱਕੀ ਦੀ ਸਦੀ ਹੋ ਨਿਬੜੀ ਹੈ। ਬਦਲਦੇ ਪਦਾਰਥਕ ਹਾਲਾਤ ਅਨੁਸਾਰ ਸਮਾਜਿਕ ਮਨੁੱਖੀ ਜੀਵਨ ਨਿਰੰਤਰ ਤਬਦੀਲ ਹੁੰਦਾ ਰਿਹਾ। ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਾਲਾ ਪੰਜਾਬੀ ਜਨ-ਜੀਵਨ ਸਦੀ ਦੇ ਆਖ਼ਰੀ ਦਹਾਕਿਆਂ ਤੱਕ ਬਹੁਤ ਵੱਡੇ ਪੱਧਰ ਤੱਕ ਤਬਦੀਲ ਹੋ ਚੁੱਕਾ ਹੈ। ਸਮਾਜਿਕ-ਸਭਿਆਚਾਰਕ ਜੀਵਨ ਦੀ ਨੁਹਾਰ ਨਿਰੰਤਰ ਬਦਲਦੇ ਰਹਿਣ ਨਾਲ ਪੁਰਾਣਾ ਪੰਜਾਬ, ਪੁਰਾਣਾ ਪਿੰਡ, ਪੁਰਾਣਾ ਜੀਵਨ ਢੰਗ, ਰਸਮਾਂ-ਰਿਵਾਜ, ਕਦਰਾਂ-ਕੀਮਤਾਂ, ਖੇਡਾਂ ਅਤੇ ਮਨੋਰੰਜਨ ਦੇ ਸਾਧਨ ਨਾਲ ਨਾਲ ਬਦਲਦੇ ਗਏ। ਬਹੁਤ ਸਾਰਾ 'ਪੁਰਾਣਾ ਕੁਝ' ਹੌਲੀ ਹੌਲੀ ਅਲੋਪ ਹੁੰਦਾ ਗਿਆ। ਜੀਵਨ ਵਿਚ ਨਵਾਂ ਰੰਗ ਆਇਆ ਅਤੇ ਨਵੀਆਂ ਸ਼ੁਆਵਾਂ ਫੁੱਟੀਆਂ। ਪੰਜਾਬੀ ਵਾਰਤਕ ਨੇ ਵੀ ਨਿੱਤ ਪਰਿਵਰਤਤ ਹੁੰਦੇ ਜੀਵਨ ਨੂੰ ਆਪਣੀ ਰਚਨਾ ਵਸਤ ਬਣਾਇਆ। ਗਿਆਨੀ ਗੁਰਦਿੱਤ ਸਿੰਘ ਦੀ ਵਾਰਤਕ ਰਚਨਾ 'ਮੇਰਾ ਪਿੰਡ' ਅਸਲ ਵਿਚ ਅਜਿਹੀ ਕਲਾਸਿਕ ਰਚਨਾ ਹੈ ਜਿਸ ਵਿਚੋਂ ਪੁਰਾਣੇ ਪੰਜਾਬ ਦੇ ਪਿੰਡ ਦੀ ਆਤਮਾ ਦਾ ਦੀਦਾਰ ਹੁੰਦਾ ਹੈ। ਉਸਦੀਆਂ ਲਿਖਤਾਂ ਵਿਚ ਸਦੀ ਦੇ ਪਹਿਲੇ ਅੱਧ ਵਾਲਾ ਪੰਜਾਬ ਸਾਹ ਲੈਂਦਾ ਨਜ਼ਰ ਆਉਂਦਾ ਹੈ ਭਾਵੇਂ ਕਿ ਨਿਰੰਤਰ ਬਦਲਦੇ ਪੰਜਾਬ ਦੀਆਂ ਝਾਕੀਆਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇੰਜ ਹੀ ਸੂਬਾ ਸਿੰਘ ਜਿਹੇ ਲੇਖਕਾਂ ਦੀਆਂ 'ਅਲੋਪ ਹੋ ਰਹੇ ਚੇਟਕ' ਵਰਗੀਆਂ ਰਚਨਾਵਾਂ ਵਿਚ ਕਹਾਣੀ ਵਰਗਾ ਰਸ ਤਾਂ ਸੀ ਹੀ ਪਰ ਨਾਲ ਹੀ ਪਿੰਡ ਦੀਆਂ ਸੱਥਾਂ ਦਾ ਸਜੀਵ ਚਿਤਰ ਵੀ ਪੇਸ਼ ਕੀਤਾ ਗਿਆ ਸੀ, ਜਿਨ੍ਹਾਂ ਵਿਚ ਬੈਠੇ ਪਿੰਡਾਂ ਦੇ ਪੁਰਾਣੇ ਬਜ਼ੁਰਗ ਬੀਤੇ ਵੇਲਿਆਂ ਨੂੰ ਹੇਰਵੇ ਨਾਲ ਯਾਦ ਕਰਦੇ ਸਨ।

ਪੰਜਾਬੀ ਵਿਚ ਵਸਤੂ-ਮੁੱਖ ਨਿਬੰਧ ਵੀ ਲਿਖੇ ਗਏ ਹਨ ਤੇ ਆਤਮ-ਮੁੱਖ ਨਿਬੰਧ ਵੀ। ਵਸਤੂ-ਮੁਖ ਨਿਬੰਧ ਵਿਚ ਵਿਸ਼ੇ ਨੂੰ ਪ੍ਰਮੁੱਖਤਾ ਹਾਸਲ ਹੁੰਦੀ ਹੈ ਤੇ ਆਤਮ-ਮੁੱਖ ਨਿਬੰਧ ਵਿਚ ਲੇਖਕ ਦੇ ਨਿੱਜ ਨੂੰ। ਹਰੇਕ ਕਿਸਮ ਦੇ ਨਿਬੰਧ ਵਿਚ ਲੇਖਕ ਦੀ ਆਪਣੀ ਸ਼ਖ਼ਸੀਅਤ ਤੇ ਸ਼ੈਲੀ ਦੇ ਦੀਦਾਰ ਵੀ ਹੁੰਦੇ ਹਨ ਅਤੇ ਮੌਸਮ, ਮੇਲੇ-ਤਿਉਹਾਰ, ਰਹਿਣ-ਸਹਿਣ, ਯਾਤਰਾ ਆਦਿ ਦਾ ਵਰਨਣ ਵੀ ਹੁੰਦਾ ਹੈ। ਇਹ ਵਰਨਣ ਯਥਾਰਥ ਤੇ ਕਲਪਨਾ ਦੇ ਸੰਯੋਗ ਨਾਲ ਹੋਂਦ ਵਿਚ ਆਉਂਦੇ ਹਨ। ਲਾਲ ਸਿੰਘ ਕਮਲਾ ਅਕਾਲੀ, ਗੁਰਬਖ਼ਸ਼ ਸਿੰਘ, ਸ.ਸ. ਅਮੋਲ, ਹਰਿੰਦਰ ਸਿੰਘ ਰੂਪ, ਬਾਵਾ ਬਲਵੰਤ, ਸੁਜਾਨ ਸਿੰਘ, ਸੁਰਜੀਤ ਸਿੰਘ ਭਾਟੀਆ, ਤ੍ਰਿਲੋਚਨ ਸਿੰਘ ਭਾਟੀਆ, ਹਰਦੇਵ ਸਿੰਘ ਵਿਰਕ, ਦਵਿੰਦਰ ਸਤਿਆਰਥੀ, ਮਹਿੰਦਰ ਸਿੰਘ ਰੰਧਾਵਾ, ਗੁਲਜ਼ਾਰ ਸਿੰਘ ਸੰਧੂ, ਗਿਆਨੀ ਗੁਰਦਿੱਤ ਸਿੰਘ, ਸੂਬਾ ਸਿੰਘ, ਜਸਵੰਤ ਸਿੰਘ ਵਿਰਦੀ ਆਦਿ ਇਸ ਖੇਤਰ ਦੇ ਜ਼ਿਕਰਯੋਗ ਨਾਮ ਹਨ।

THE PEOPLE'S UNIVERSITY

ਪੰਜਾਬੀ ਵਿਚ 'ਰੇਖਾ ਚਿੱਤਰ' ਦੀ ਵਿਧਾ ਨੂੰ ਸਥਾਪਤ ਕਰਨ ਵਿਚ ਬਲਵੰਤ ਗਾਰਗੀ ਦਾ ਮੁੱਢਲਾ ਤੇ ਮਹੱਤਵਪੂਰਨ ਯੋਗਦਾਨ ਹੈ। 'ਨਿੰਮ ਦੇ ਪੱਤੇ', 'ਸੁਰਮੇ ਵਾਲੀ ਅੱਖ', 'ਕੌਡੀਆਂ ਵਾਲਾ ਸੱਪ' ਤੇ 'ਹੁਸੀਨ ਚਿਹਰੇ' ਆਦਿ ਉਸਦੀਆਂ ਰੇਖਾ ਚਿੱਤਰਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ। ਇਹਨਾਂ ਵਿਚ ਉਸਨੇ ਸਮਕਾਲੀ ਸਾਹਿਤਕਾਰਾਂ, ਕਲਾਕਾਰਾਂ ਤੇ ਕੁਝ ਅੰਤਰਰਾਸ਼ਟਰੀ ਪ੍ਰਸਿੱਧੀ ਦੀਆਂ ਸ਼ਖ਼ਸੀਅਤਾਂ ਨੂੰ ਆਪਣੇ ਅਨੁਭਵ ਰਾਹੀਂ ਕਸ਼ੀਦ ਕੇ ਪੇਸ਼ ਕੀਤਾ। ਬਲਵੰਤ ਗਾਰਗੀ ਚਟਖਾਰੇਦਾਰ, ਖ਼ਸਤਾ ਕਰਾਰੀ ਵਾਰਤਕ ਲਿਖਣ ਦਾ ਉਸਤਾਦ ਹੈ। ਉਹ ਸੰਬੰਧਿਤ ਵਿਅਕਤੀ ਦੀ ਦਿੱਖ ਨੂੰ ਸਹਿਜ ਨਾਲ ਮੂਰਤੀਮਾਨ ਕਰਦਾ ਹੈ ਤੇ ਉਹਦੇ ਧੁਰ ਅੰਦਰ ਹੁੰਦੀ ਕਸ਼ਮਕਸ਼ ਦੇ ਵੀ ਦੀਦਾਰ ਕਰਵਾ ਦਿੰਦਾ ਹੈ।

ਬਲਵੰਤ ਗਾਰਗੀ ਤੋਂ ਪ੍ਰੇਰਿਤ ਹੋ ਕੇ ਹੋਰ ਬਹੁਤ ਸਾਰੇ ਪੰਜਾਬੀ ਲੇਖਕਾਂ ਨੇ 'ਰੇਖਾ ਚਿਤਰ' ਦੀ ਵਿਧਾ 'ਤੇ ਹੱਥ ਅਜ਼ਮਾਈ ਕੀਤੀ ਹੈ। ਕੁਲਬੀਰ ਸਿੰਘ ਕਾਂਗ ਦੀਆ 'ਪੱਕੀਆਂ ਇੱਟਾਂ'; 'ਪੱਥਰ ਲੀਕਾਂ, 'ਬੱਦਲਾਂ ਦੇ ਰੰਗ; ਜਸਵੰਤ ਸਿੰਘ ਵਿਰਦੀ ਰਚਿਤ 'ਪਾਣੀ ਦੇ ਸੱਪ'; ਭਗਵੰਤ ਸਿੰਘ ਰਚਿਤ 'ਸ਼ਨਾਖਤੀ ਪਰੇਡ'; ਅਜੀਤ ਕੌਰ ਰਚਿਤ 'ਤਕੀਏ ਦੇ ਪੀਰ' ਆਦਿ ਰੇਖਾ ਚਿਤਰ ਵਿਧਾ ਨਾਲ ਸੰਬੰਧਿਤ ਚਰਚਾ ਯੋਗ ਪੁਸਤਕਾਂ ਹਨ। ਪਿਛਲੇ ਦਹਾਕੇ ਵਿਚ ਪ੍ਰੋ. ਪ੍ਰੀਤਮ ਸਿੰਘ ਦੁਆਰਾ ਲਿਖੇ ਰੇਖਾ ਚਿੱਤਰਾਂ ਦੀ ਪੁਸਤਕ 'ਮੂਰਤਾਂ' ਨੇ ਪੰਜਾਬੀ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿਚਿਆ ਹੈ।

ਪ੍ਰਿੰ. ਸਰਵਣ ਸਿੰਘ ਨੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੇ ਰੇਖਾ ਚਿਤਰ ਕਮਾਲ ਦੀ ਕਲਾਕਾਰੀ ਨਾਲ ਉਲੀਕੇ ਹਨ। ਉਹ ਖਿਡਾਰੀ ਨਾਲ ਜੁੜੇ ਸਾਰੇ ਜੀਵਨ ਵੇਰਵੇ ਅਜਿਹੀ ਸੁਹਜੀਲੀ ਜੜਤ ਵਿਚ ਪੇਸ਼ ਕਰਦਾ ਹੈ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ ਹੈ।

ਪੰਜਾਬੀ ਵਿਚ ਸ੍ਵੈ-ਜੀਵਨੀ ਲਿਖੇ ਜਾਂ ਦਾ ਕਾਰਜ ਰਤਾ ਕੁ ਪਛੜ ਕੇ ਸ਼ੁਰੂ ਹੋਇਆ. ਮੌਲਿਕ ਸ੍ਵੈ-ਜੀਵਨੀ ਲਿਖੇ ਜਾਣ ਤੋਂ ਪਹਿਲਾਂ ਹੋਰਨਾਂ ਬੋਲੀਆਂ ਵਿਚ ਲਿਖੀਆਂ ਸ੍ਵੈ-ਜੀਵਨੀਆਂ ਦੇ ਅਨੁਵਾਦ ਵੀ ਇਸ ਵਿਧਾ ਦੇ ਪ੍ਰੇਰਨਾ ਸ੍ਰੋਤ ਬਣੇ। ਬਦਲਦੇ ਇਤਿਹਾਸਕ ਹਾਲਾਤਾਂ ਨੇ ਸਾਧਾਰਨ ਮਨੁੱਖ ਨੂੰ ਉਸਦੀ ਸ਼ਕਤੀ ਅਤੇ ਸਮਰਥਾ ਦਾ ਅਹਿਸਾਸ ਕਰਵਾਇਆ ਤੇ ਉਹਨੂੰ ਆਪਣਾ ਜੀਵਨ ਵੀ ਜ਼ਿਕਰ ਯੋਗ ਲੱਗਾ ਪਰ ਇਸਦੇ ਬਾਵਜੂਦ ਸ੍ਵੈ-ਜੀਵਨੀ ਲੇਖਕਾਂ ਵਿਚ ਇਕ ਝਿਜਕ ਦਾ ਅਹਿਸਾਸ ਜ਼ਰੂਰ ਰਿਹਾ. ਪੰਜਾਬੀ ਦੀ ਪਹਿਲੀ ਮੌਲਿਕ ਸ੍ਵੈ-ਜੀਵਨੀ 'ਆਰਸੀ' (1958) ਦੇ ਕਰਤਾ ਪ੍ਰਿੰ. ਤੇਜਾ ਸਿੰਘ ਦੇ ਬੋਲਾਂ ਵਿਚੋਂ ਇਹ ਝਿਜਕ ਬੋਲਦੀ ਸੁਣਾਈ ਦਿੰਦੀ ਹੈ।

ਪੰਜਾਬੀ ਵਿਚ ਬਹੁਤੀਆਂ ਸ੍ਵੈ-ਜੀਵਨੀਆਂ ਦੇ ਲੇਖਕ ਸਾਹਿਤਕਾਰ ਹੀ ਹਨ। ਇਹਨਾਂ ਵਿਚ ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਪ੍ਰੋ. ਸਾਹਿਬ ਸਿੰਘ, ਸੋਹਣ ਸਿੰਘ ਸੀਤਲ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਪ੍ਰਭਜੋਤ ਕੌਰ, ਵਣਜਾਰਾ ਬੇਦੀ, ਬਲਵੰਤ ਗਾਰਗੀ, ਡਾ. ਹਰਿਭਜਨ ਸਿੰਘ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ ਆਦਿ ਦੀਆਂ ਸ੍ਵੈ-ਜੀਵਨੀਆਂ ਜ਼ਿਕਰਯੋਗ ਹਨ।

ਪੰਜਾਬੀ ਵਿਚ ਸਫ਼ਰਨਾਮਾ ਵਿਧਾ ਦੀ ਪਹਿਲੀ ਪ੍ਰਮਾਣਿਕ ਰਚਨਾ ਲਾਲ ਸਿੰਘ ਕਮਲਾ ਅਕਾਲੀ ਰਚਿਤ 'ਮੇਰਾ ਵਲਾਇਤੀ ਸਫ਼ਰਨਾਮਾ' (1931) ਨੂੰ ਮੰਨਿਆ ਜਾਂਦਾ ਹੈ ਪਰ ਇਸ ਤੋਂ ਪਹਿਲਾਂ ਵੀਹਵੀਂ ਸਦੀ ਦੇ ਪਹਿਲੇ ਦੂਜੇ ਦਹਾਕੇ ਵਿਚ ਹੋਰ ਲੇਖਕਾਂ ਨੇ ਵੀ ਸਫ਼ਰਨਾਮਾ ਰਚਨਾ ਕੀਤੀ। ਭਾਈ ਕਾਹਨ ਸਿੰਘ ਨਾਭਾ ਦਾ 'ਪਹਾੜੀ ਰਿਆਸਤਾਂ ਦਾ ਸਫ਼ਰ' (1896) ਅਤੇ ਵਲਾਇਤ ਨਾਲ ਸੰਬਧਿਤ ਦੋ ਸਫ਼ਰਨਾਮੇ (1907) ਤੇ (1908) ਵਿਚ ਲਿਖੇ ਗਏ। ਭਾਈ ਸੂਰਜ ਸਿੰਘ ਦਾ 'ਬ੍ਰਹਮਾ ਦੀ ਸੈਰ' (1908); ਜੀਵਨ ਸਿੰਘ ਸੇਵਕ ਦਾ 'ਜਪਾਨ ਦੀ ਝਾਕੀ' (1911); ਰਘੁਵੀਰ ਸਿੰਘ ਕੋਇਟਾ ਦਾ 'ਅਮਰੀਕਾ ਦੀ ਸੈਰ' (1914); ਸੁੰਦਰ ਸਿੰਘ ਨਰੂਲਾ 'ਕਸ਼ਮੀਰ ਰਿਆਸਤਾਂ ਦਾ ਸਫ਼ਰ' (1925); ਤੇ ਗੁਰਮੁੱਖ ਸਿੰਘ ਨੌਰੰਗ ਦਾ 'ਦੁਨੀਆ ਦੀ ਸੈਰ' (1929) ਸਫਰਨਾਮੇ ਕਮਲਾ ਅਕਾਲੀ ਦੇ ਸਫ਼ਰਨਾਮੇ ਤੋਂ ਪਹਿਲਾਂ ਹੋਂਦ ਵਿਚ ਆ ਚੁੱਕੇ ਸਨ।

ਵਰਤਮਾਨ ਸਮੇਂ ਵੀ ਪੁਖਤਾ ਵਾਰਤਕ ਰਚਨਾ ਹੋ ਰਹੀ ਹੈ। ਨਰਿੰਦਰ ਸਿੰਘ ਕਪੂਰ ਸਾਡੇ ਸਮਿਆਂ ਦੇ ਪ੍ਰਮੁੱਖ ਵਾਰਤਕਕਾਰ ਵਜੋਂ ਉਭਰੇ ਹਨ। ਉਹਨਾਂ ਦੇ ਨਾਲ-ਨਾਲ ਜਸਵੰਤ ਦੀਦ, ਗੁਰਬਚਨ, ਕੁਲਦੀਪ ਸਿੰਘ ਧੀਰ ਆਦਿ ਅਨੇਕਾਂ ਨਾਮ ਹਨ ਜਿਨ੍ਹਾਂ ਇਸ ਸਾਹਿਤ ਰੂਪਾਕਾਰ ਨੂੰ ਸਮੇਂ ਦਾ ਹਾਣੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਅਭਿਆਸ ਪਹਿਲਾ**

ਪ੍ਰਸ਼ਨ 1. ਮੱਧਕਾਲੀਨ ਵਾਰਤਕ ਦੇ ਕੋਈ ਚਾਰ ਰੂਪਾਂ ਦੇ ਨਾਮ ਲਿਖੋ।

ਉੱਤਰ ..............................................................................................

..............................................................................................

..............................................................................................

..............................................................................................

ਪ੍ਰਸ਼ਨ 2. ਅੰਗਰੇਜ਼ਾਂ ਨੇ ਆਧੁਨਿਕ ਪੰਜਾਬੀ ਵਾਰਤਕ ਦੇ ਆਰੰਭ ਵਿਚ ਕੀ ਯੋਗਦਾਨ ਪਾਇਆ ?

ਉੱਤਰ ..............................................................................................

..............................................................................................

..............................................................................................

..............................................................................................

ਪ੍ਰਸ਼ਨ 3. ਕੋਈ ਚਾਰ ਆਧੁਨਿਕ ਵਾਰਤਕਾਰਾਂ ਦੇ ਨਾਮ ਲਿਖੋ।

ਉੱਤਰ ..............................................................................................................................

..............................................................................................................................

..............................................................................................................................

..............................................................................................................................

ਪ੍ਰਸ਼ਨ 4. 21ਵੀਂ ਸਦੀ ਦੌਰਾਨ ਪੰਜਾਬੀ ਜਨ-ਜੀਵਨ ਵਿਚ ਕਿਹੜੀਆਂ ਤਬਦੀਲੀਆਂ ਹੋਈਆਂ ਹਨ?

ਉੱਤਰ ..............................................................................................................................

..............................................................................................................................

..............................................................................................................................

..............................................................................................................................

## 11.2.1 ਨਰਿੰਦਰ ਸਿੰਘ ਕਪੂਰ

ਨਰਿੰਦਰ ਸਿੰਘ ਕਪੂਰ ਦਾ ਜਨਮ 6 ਮਾਰਚ, 1944 ਨੂੰ ਜਿਲਾ ਰਾਵਲ ਪਿੰਡੀ ਪਿੰਡ ਆਧੀ (ਹੁਣ ਪਾਕਿਸਤਾਨ) ਵਿਚ ਇਕ ਪੜ੍ਹੇ ਲਿਖੇ ਪਰਿਵਾਰ ਦੇ ਘਰ ਹੋਇਆ। ਉਸ ਦੇ ਪਿਤਾ ਦਾ ਨਾਮ ਹਰਦਿੱਤ ਸਿੰਘ ਕਪੂਰ ਅਤੇ ਮਾਂ ਦਾ ਨਾ ਵੀਰਾਂਵਲੀ ਸੀ 1947 ਦੀ ਦੇਸ਼ ਵੰਡ ਕਾਰਣ ਉਨ੍ਹਾਂ ਨੂੰ ਉਜੜਨਾ ਪਿਆ ਅਤੇ ਕਈ ਸਥਾਨਾਂ ਉਤੇ ਸ਼ਰਨਾਰਥੀ ਵਜੋਂ ਰਹਿਣ ਮਗਰੋਂ ਉਹਨਾਂ ਦਾ ਪਰਿਵਾਰ ਪਟਿਆਲੇ ਵਿਚ ਰਹਿਣ ਲੱਗਾ। ਉਸ ਨੇ ਨੌਂ ਸਾਲ ਦੀ ਉਮਰ ਵਿਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਕੋਈ ਦੋ ਦਰਜਨ ਛੋਟੇ ਮੋਟੇ ਰੁਜ਼ਗਾਰ ਕਰਦਿਆਂ ਉਸ ਨੂੰ ਮਨੁੱਖ ਵਿਹਾਰ ਦੀ ਡੂੰਘੀ ਸਮਝ ਆ ਗਈ। ਆਪਣੀ ਮਾਂ ਦੇ ਅਣਥੱਕ ਯਤਨਾਂ ਸਦਕਾਂ ਉਸਨੇ ਆਪਣੀ ਪੜਾਈ ਨਿਰਵਿਘਨ ਜਾਰੀ ਰੱਖੀ ਅਤੇ ਨਵੀਂ ਸਥਾਪਤ ਹੋਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ. ਏ. ਅੰਗਰੇਜ਼ੀ ਦੀ ਡਿਗਰੀ ਹਾਸਿਲ ਕੀਤੀ। 1966 ਵਿਚ ਉਹ ਪੰਜਾਬ ਲੋਕ ਸੇਵਾ ਆਯੋਗ ਰਾਹੀਂ ਸਰਕਾਰੀ ਕਾਲਜ ਨਾਭਾ ਵਿਚ ਅੰਗਰੇਜ਼ੀ ਦੇ ਪ੍ਰਾਧਿਆਪਕ ਲੱਗ ਗਏ ਅਤੇ ਮਗਰੋਂ ਸੰਗਰੂਰ ਅਤੇ ਪਟਿਆਲਾ ਵਿਚ ਵੀ ਪੜ੍ਹਾਇਆ।

1971 ਵਿਚ ਵਿਆਹ ਹੋਣ ਉਪਰੰਤ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਅੰਗਰੇਜ਼ੀ ਅਤੇ ਪੰਜਾਬੀ ਦੇ ਸਹਾਇਕ ਪ੍ਰੋਫ਼ੈਸਰ ਵਜੋਂ ਨਿਯੁਕਤ ਹੋ ਗਏ ਅਤੇ 1990 ਵਿਚ ਪ੍ਰੋਫ਼ੈਸਰ ਵਜੋਂ ਤਰੱਕੀ ਹਾਸਿਲ ਕੀਤੀ। ਮਗਰੋਂ ਉਸ ਨੇ ਫਰੈਂਚ ਭਾਸ਼ਾ ਵਿਚ ਡਿਪਲੋਪਾ। ਪੱਤਰਕਾਰੀ ਵਿਚ ਡਿਗਰੀ ਐਲ. ਐਲ. ਬੀ ਅਤੇ ਪੱਤਰਕਾਰੀ ਵਿਚ ਹੀ ਪੀਐਚ.ਐਡ. ਦੀ ਡਿਗਰੀ ਹਾਸਿਲ ਕਰ ਲਈ।

1999 ਵਿਚ ਪੱਤਰਕਾਰੀ ਅਤੇ ਲੋਕ-ਸੰਚਾਰ ਵਿਭਾਗ ਵਿਚ ਪ੍ਰੋਫ਼ੈਸਰ ਵਜੋਂ ਨਿਯੁਕਤ ਹੋਏ ਜਿਥੋਂ ਉਹ 2004 ਵਿਚ ਰਿਟਾਇਰ ਹੋ ਗਏ। ਇਸ ਦੌਰਾਨ ਉਹ ਡਾਇਰੈਕਟਰ ਲੋਕ ਡੀਨ, ਸੰਪਰਕ ਅਤੇ ਵਿਦਿਆਰਥੀ ਭਲਾਈ ਵੀ ਰਹੇ।

ਅਜੋਕੇ ਪੰਜਾਬੀ ਵਾਰਤਕ ਸਾਹਿਤ ਵਿਚ ਨਰਿੰਦਰ ਸਿੰਘ ਕਪੂਰ ਇਕ ਬਹੁਤ ਹੀ ਸਤਿਕਾਰਤ ਸਥਾਨ ਰੱਖਦੇ ਹਨ। ਉਹਨਾ ਦੇ ਲੇਖ ਬਹੁਤ ਸਾਰੇ ਅਖ਼ਬਾਰਾਂ ਅਤੇ ਅੰਤਰਰਾਸ਼ਟਰੀ ਪੱਧਰ ਦੇ ਰਸਾਲਿਆਂ ਵਿਚ ਅਕਸਰ ਛਪਦੇ ਰਹਿੰਦੇ ਹਨ। ਉਸ ਦੀ ਵਾਰਤਕਕਾਰੀ ਬਹੁਤ ਹੀ ਸਹਿਜ ਬਿੰਬਾਤਮਕ ਅਤੇ ਮੁਹਾਵਰਿਆਂ ਭਰਪੂਰ ਹੁੰਦੀ ਹੈ। ਜਿਸ ਦੀ ਭਾਸ਼ਾ ਬਹੁਤ ਹੀ ਸਰਲ ਹੁੰਦੀ ਹੈ ਜੋ ਕਿ ਆਮ ਪਾਠਕਾਂ ਨੂੰ ਟੁੰਬਦੀ ਹੈ। ਹੁਣ ਤੱਕ ਉਸ ਦੇ ਡੇਢ ਦਰਜਨ ਲੇਖ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹੋ ਚੁੱਕੇ ਹਨ ਜਿਸ ਵਿਚ 'ਵਿਆਖਿਆ ਵਿਸ਼ਲੇਸ਼ਣ/ਤਰਕਵਾਦ', 'ਆਹਮੋ ਸਾਹਮਣੇ', 'ਘਾਟ-ਘਾਟ ਦਾ ਪਾਣੀ', 'ਬੂਹੇ ਬਾਰੀਆਂ', 'ਅੰਤਰ ਝਾਤ', 'ਸੁਖਨ ਸੁਨੇਹੇ', 'ਡੂੰਘੀਆਂ ਸਿਖਰਾਂ', 'ਰਾਹ ਰਸਤੇ', 'ਦਰ-ਦਰਵਾਜ਼ੇ', 'ਸੱਚੋ ਸੱਚ' ਆਦਿ ਮਹੱਤਵਪੂਰਨ ਹਨ। ਉਸ ਦੇ ਹੋਰ ਵਾਰਤਕ ਸੰਗ੍ਰਹਿਆਂ ਵਿਚ 'ਮਾਲਾ ਮਣਕੇ', 'ਕੱਲਿਆਂ ਦਾ ਕਾਫਲਾ' ਅਤੇ 'ਖਿੜਕੀਆਂ' ਸ਼ਾਮਿਲ ਹਨ। ਇਸ ਤੋਂ ਇਲਾਵਾ ਉਨ੍ਹਾਂ ਦਾ 'ਕੰਧਾੜੇ ਚੜ੍ਹ ਕੇ','ਦੇਖਿਆ ਅਮਰੀਕਾ'ਅਤੇ ਇਤਿਹਾਸ ਵਜੋਂ 'ਪੰਜਾਬੀ ਪੱਤਰਕਾਰੀ ਦਾ ਇਤਿਹਾਸ' ਸ਼ਾਮਿਲ ਹੈ। ਉਹ ਇਕ ਚੰਗੇ ਅਨੁਵਾਦਕ ਵੀ ਹਨ ਅਤੇ ਉਨ੍ਹਾਂ ਨੇ ਕੁੱਝ ਵਿਸ਼ਵ ਪ੍ਰਸਿੱਧ ਪੁਸਤਕਾਂ ਦਾ ਅਨੁਵਾਦ ਕੀਤਾ ਹੈ।

ਨਰਿੰਦਰ ਸਿੰਘ ਕਪੂਰ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਮਾਣ ਸਨਮਾਨ ਹਾਸਿਲ ਹੋਏ ਹਨ।

## 11.2.2 ਰਿਸ਼ਵਤ

ਜਦੋਂ ਕਿਸੇ ਸਮਾਜ ਵਿਚ ਵਸਤਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧਦੀਆਂ ਹਨ ਤਾਂ ਉਸੇ ਅਨੁਪਾਤ ਵਿਚ ਸਮਾਜ ਵਿਚ ਟੁੱਟ ਭੱਜ ਦੀ ਕਿਰਿਆ ਤੇਜ਼ ਹੋ ਜਾਂਦੀ ਹੈ। ਕੀਮਤਾਂ ਵਿਚਲੀ ਤੇਜ਼ੀ ਸਾਡੇ ਵਰਤਾਰੇ ਵਿਚ ਕਾਹਲ, ਚਿੜਚਿੜੇਪਣ, ਗੁੱਸੇ ਅਤੇ ਘਬਰਾਹਟ ਵਿਚ ਪ੍ਰਗਟ ਹੁੰਦੀ ਹੈ। ਜਦੋਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹੋਣ ਤਾਂ ਵੱਡਿਆਂ ਪ੍ਰਤੀ ਸਤਿਕਾਰ, ਦੂਜਿਆਂ ਪ੍ਰਤੀ ਹਮਦਰਦੀ ਅਤੇ ਸਰਬੱਤ ਦੇ ਭਲੇ ਦੀ ਬਿਰਤੀ ਦੀ ਥਾਂ ਵੱਡੇ ਵਡੇਰਿਆ ਪ੍ਰਤੀ ਅਪਮਾਨ, ਦੂਜਿਆਂ ਪ੍ਰਤੀ ਵਿਰੋਧ ਅਤੇ ਸਾਝੇ ਦੇ ਨਾਲ ਨਾਲ ਸੁਆਰਥ ਦੀ ਰੁਚੀ , ਪ੍ਰਧਾਨ ਹੋ ਜਾਂਦੀ ਹੈ।

ਉਦਾਹਰਣ ਵਜੋਂ ਵਧਦੀਆਂ ਕੀਮਤਾਂ ਦੇ ਵਾਤਾਵਰਨ ਵਿਚ ਬੱਚਿਆਂ ਦੀ ਮਾਰਕੁਟਾਈ ਵੱਧ ਜਾਂਦੀ ਹੈ ਅਤੇ ਪਤੀ ਪਤਨੀ ਵਿਚਕਾਰ ਝਗੜੇ ਵਧ ਜਾਂਦੇ ਹਨ, ਕਤਲ ਵਧੇਰੇ ਹੋਣ ਲੱਗ ਪੈਂਦੇ ਹਨ, ਝੂਠ ਵਧੇਰੇ ਬੋਲਿਆ ਜਾਂਦਾ ਹੈ, ਬਹਾਨੇ ਵਧੇਰੇ ਲਾਏ ਜਾਂਦੇ ਹਨ ਅਤੇ ਮਿਹਨਤ ਕੀਤੇ ਬਿਨਾਂ ਹੀ ਅਮੀਰ ਹੋਣ ਦੀ ਬਿਰਤੀ ਉਤਪੰਨ ਹੁੰਦੀ ਹੈ।

ਜਦੋਂ ਕੀਮਤਾਂ ਸਥਿਰ ਹੁੰਦੀਆਂ ਸਨ ਉਦੋਂ ਹੀ ਟਾਹਲੀ ਅਤੇ ਅੰਬ ਆਦਿ ਦੇ ਬੂਟੇ ਲਾਏ ਜਾਂਦੇ ਸਨ ਕਿਉਂਕਿ ਇਹ ਬੂਟੇ ਉਸੇ ਸਮਾਜ ਵਿਚ ਲਾਏ ਜਾ ਸਕਦੇ ਹਨ ਜਿਥੇ ਸਬਰ ਹੋਵੇ, ਸੰਜਮ ਹੋਵੇ ਅਤੇ ਸੰਤੋਖ ਹੋਵੇ। ਵਧਦੀਆਂ ਕੀਮਤਾਂ ਦੇ ਯੁਗ ਵਿਚ ਤਾਂ ਸਫੈਦੇ ਦੇ ਰੁੱਖ ਹੀ ਲਾਏ ਜਾ ਸਕਦੇ ਹਨ। ਕੀਮਤਾਂ ਦੇ ਵਾਧੇ ਨਾਲ ਸਾਡੇ ਵਿਚ ਪ੍ਰੰਪਰਾ ਅਤੇ ਈਮਾਨਦਾਰੀ ਪ੍ਰਤੀ ਸਤਿਕਾਰ ਦੀ ਭਾਵਨਾ ਹੀ ਮਰ ਜਾਂਦੀ ਹੈ। ਵਧਦੀਆਂ ਕੀਮਤਾਂ ਦੇ ਯੁਗ ਵਿਚ ਈਮਾਨਦਾਰੀ ਦੀ ਆਮਦਨੀ ਨਾਲ ਗੁਜ਼ਾਰਾ ਕਰਨਾ ਔਖਾ ਹੁੰਦਾ ਜਾਂਦਾ ਹੈ ਅਤੇ ਇਹ ਸਥਿਤੀ ਸਮੁੱਚੇ ਮਨੁੱਖੀ ਵਰਤਾਰੇ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਸ ਮੁਸ਼ਕਿਲ ਵਿਚੋਂ ਨਿਕਲਣ ਲਈ ਮਨੁੱਖ ਨਵੇਂ ਨਵੇਂ ਰਾਹ ਲੱਭਦਾ ਹੈ। ਅਜਿਹੀ ਸਥਿਤੀ ਵਿਚ ਹੀ ਰਿਸ਼ਵਤ ਇਕ ਸੌਖਾ ਹੱਲ ਪ੍ਰਤੀਤ ਹੋਣ ਲਗ ਪੈਂਦੀ ਹੈ ਪਰ ਰਿਸ਼ਵਤ ਲੈਣ ਵਾਲੇ ਨਾਲ ਜੋ ਕੁਝ ਬੀਤਦੀ ਹੈ, ਉਹੀ ਇਸ ਲੇਖ ਦਾ ਵਿਸ਼ਾ ਹੈ।

ਦੇਰੀ ਰਿਸ਼ਵਤ ਦਾ ਪ੍ਰਮੁੱਖ ਸੋਮਾ ਹੈ। ਰਿਸ਼ਵਤ ਦਫਤਰੀ ਕਿਰਿਆ ਵਿਚ ਕੰਮ ਨੂੰ ਝੱਟਪਟ ਨਿਪਟਾਉਣ ਅਰਥਾਤ ਦੇਰੀ ਨਾ ਕਰਨ ਦੀ ਫੀਸ ਹੈ। ਜਿਥੇ ਕੰਮ ਵਿੱਚ ਦੇਰੀ ਨਹੀਂ ਕੀਤੀ ਜਾਂਦੀ, ਉਥੇ ਰਿਸ਼ਵਤ ਦੀ ਸੰਭਾਵਨਾ ਨਹੀਂ ਹੁੰਦੀ। ਵਧਦੀਆਂ ਕੀਮਤਾਂ ਨਾਲ ਵਰਤਾਰੇ ਵਿਚ ਕਾਹਲ ਉਪਜਦੀ ਹੈ, ਇਹ ਕਾਹਲ ਦੇਰੀ ਨੂੰ ਬਰਦਾਸ਼ਤ ਨਹੀਂ ਕਰਦੀ ਅਤੇ ਰਿਸ਼ਵਤ ਦੇਰੀ ਖਤਮ ਕਰਨ ਦਾ ਇਵਜ਼ਾਨਾ ਹੋ ਨਿਬੜਦੀ ਹੈ। ਨਜ਼ਰਾਨਾ, ਇਵਜ਼ਾਨਾ, ਜੁਰਮਾਨਾ ਤੇ ਹਰਜਾਨਾ ਦਫਤਰੀ ਕੰਮ ਦੇ ਚਾਰੇ ਪ੍ਰਮੁੱਖ ਸੰਕਲਪ ਹਨ। ਰਿਸ਼ਵਤ ਦਾ ਸੰਕਲਪ ਇਨ੍ਹਾਂ ਦੇ ਆਲੇ ਦੁਆਲੇ ਘੁੰਮਦਾ ਹੈ। ਜਦੋਂ ਕੰਮ ਕਰਨ ਵਾਲੇ ਨੂੰ ਕੰਮ ਵਿਚ ਦੇਰੀ ਨਾਲ ਲਾਭ ਹੋਣ ਲਗ ਜਾਵੇ ਤਾਂ ਉਸ ਦੀ ਸਾਰੀ ਸੋਚ ਦੇਰੀ ਕਰਨ ਦੇ ਨਵੇਂ ਨਵੇਂ ਢੰਗ ਲੱਭਣ ਉਤੇ ਲਗ ਜਾਂਦੀ ਹੈ ਅਤੇ ਇਕ ਸਥਿਤੀ ਅਜਿਹੀ ਆ ਜਾਂਦੀ ਹੈ ਕਿ ਆਪਣੇ ਆਪ ਕੁਝ ਵੀ ਨਹੀਂ ਹੁੰਦਾ ਅਤੇ ਹਰ ਜਗਾ ਕੰਮ ਕਰਵਾਉਣ ਲਈ ਜਾਂ ਮਿੰਨਤ ਕਰਨੀ ਪੈਂਦੀ ਹੈ ਜਾਂ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਭਵਿੱਖ ਵਿਚ ਕਿਸੇ ਲਾਭ ਦਾ ਵਾਅਦਾ ਕਰਨਾ ਪੈਂਦਾ ਹੈ।

ਰਿਸ਼ਵਤ ਦੇ ਅਰਥ ਕੇਵਲ ਪੈਸੇ ਦੀ ਰਿਸ਼ਵਤ ਤੋਂ ਨਹੀਂ ਹਨ। ਇਹ ਅਜਿਹਾ ਬਾਜ਼ਾਰ ਹੈ ਜਿਥੇ ਸਰੀਰ ਤੋਂ ਲੈ ਕੇ ਆਤਮਾ ਤਕ ਸਭ ਕੁਝ ਮੰਗਿਆ ਜਾ ਸਕਦਾ ਹੈ ਅਤੇ ਸਭ ਕੁਝ ਦੇਣਾ ਪੈਂਦਾ ਹੈ।

ਰਿਸ਼ਵਤ ਲੈਣ ਵਾਲਾ ਆਪਣਾ ਜੀਵਨ ਢੰਗ ਬਦਲਣ ਲਈ ਮਜਬੂਰ ਹੁੰਦਾ ਹੈ। ਜਨਮਾਂ ਜਨਮਾਂਤਰਾਂ ਦੀ ਭੁੱਖ ਅਤੇ ਨੰਗ ਵਧੀਆ ਤੇ ਕੀਮਤੀ ਆਹਾਰਾਂ ਅਤੇ ਵਸਤਰਾਂ ਵਿਚ ਪ੍ਰਗਟ ਹੁੰਦੀ ਹੈ। ਅਜਿਹਾ ਵਿਅਕਤੀ ਦੋ ਜਾਂ ਇਸ ਤੋਂ ਵਧੇਰੇ ਧਰਾਤਲਾਂ 'ਤੇ ਜਿਉਣ ਲੱਗ ਪੈਂਦਾ ਹੈ। ਰਿਸ਼ਵਤ ਦੀ ਆਮਦਨ ਸੌਖੀ ਆਮਦਨ ਹੁੰਦੀ ਹੈ। ਜਿਵੇਂ ਸੌਖੀਆਂ ਜਿੱਤਾਂ ਹੰਢਣਸਾਰ ਨਹੀਂ ਹੁੰਦੀਆਂ, ਇਹ ਆਮਦਨ ਵੀ ਹੰਢਣਸਾਰ ਨਹੀਂ ਹੁੰਦੀ । ਸੋ ਅਜਿਹੀ ਆਮਦਨ ਸੁਆਦੀ ਪਰ ਸਰੀਰ ਲਈ ਨੁਕਸਾਨਦੇਹ ਭੋਜਨਾਂ ਉਤੇ ਖਰਚ ਹੁੰਦੀ ਹੈ। ਮਨੁੱਖ ਹਰ ਚੀਜ਼ ਨੂੰ ਉਸ ਦੇ ਮਾਇਕ ਮੁੱਲ ਦੀ ਦ੍ਰਿਸ਼ਟੀ ਤੋਂ ਵੇਖਣ ਲਗ ਪੈਂਦਾ ਹੈ। ਜਾਂ ਉਹ ਦੂਜਿਆਂ ਦੇ ਘਰਾਂ ਵਿਚ ਪਈਆਂ ਵਸਤਾਂ ਦੀ ਕੀਮਤ ਪੁੱਛਦਾ ਰਹੇਗਾ ਜਾਂ ਆਪਣੇ ਘਰ ਦੀਆਂ ਵਸਤਾਂ ਦੀ ਕੀਮਤ ਦੱਸਦਾ ਰਹੇਗਾ। ਅਜਿਹੇ ਵਿਅਕਤੀ ਦਾ ਵਿਹ ਉਸ ਦੀ ਅਸਲ ਤਨਖਾਹ ਦੇ ਅਨੁਪਾਤ ਵਿਚ ਹੋਇਆ ਹੁੰਦਾ ਹੈ ਸੋ ਰਿਸ਼ਵਤ ਦੀ ਅਮਦਨ ਵਧਣ ਨਾਲ ਅਜਿਹੇ ਵਿਅਕਤੀ ਨੂੰ ਆਪਣੀ ਪਤਨੀ ਮੂਰਖ, ਬੁੱਢੀ ਅਤੇ ਕੋਝੀ ਪ੍ਰਤੀਤ ਹੋਣ ਲਗ ਪੈਂਦੀ ਹੈ। ਰਿਸ਼ਵਤਖੋਰ ਵਿਅਕਤੀ ਆਪਣੇ ਘਰ ਅਤੇ ਪਤਨੀ ਨਾਲ ਪ੍ਰਸੰਨ ਅਤੇ ਸੰਤੁਸ਼ਟ ਨਹੀਂ ਰਹਿੰਦਾ ਸੋ ਉਹ ਘਰੋਂ ਬਾਹਰ ਨਖਰੇ ਤੇ ਨਾਜ਼ ਦੀ ਭਾਲ ਵਿਚ ਨਿਕਲਦਾ ਹੈ ਅਤੇ ਹਰ ਉਹ ਚੀਜ਼ ਪ੍ਰਾਪਤ ਕਰਨੀ ਚਾਹੁੰਦਾ ਹੈ ਜੋ ਖਰੀਦੀ ਜਾ ਸਕਦੀ ਹੋਵੇ।

ਰਿਸ਼ਵਤ ਲੈਣ ਵਾਲੇ ਵਿਅਕਤੀ ਨੂੰ ਧਿਆਨ ਨਾਲ ਵੇਖੋ, ਕੁਝ ਚਿਰ ਵੇਖਦੇ ਰਹਿਣ ਮਗਰੋਂ ਤੁਹਾਨੂੰ ਇੰਜ ਪ੍ਰਤੀਤ ਹੋਵੇਗਾ ਜਿਵੇਂ ਉਸ ਵਿਚ ਇਕ ਹੋਰ ਬੰਦਾ ਫਸਿਆ ਹੋਇਆ ਹੈ ਅਤੇ ਉਹ ਬਾਹਰ ਨਿਕਲਣ ਲਈ ਜ਼ੋਰ ਲਾ ਰਿਹਾ ਹੈ। ਰਿਸ਼ਵਤ ਲੈਣ ਵਾਲੇ ਵਿਅਕਤੀ ਦਾ ਉਦੇਸ਼ ਆਪਣੇ ਅਫ਼ਸਰ ਵਾਂਗ ਰਹਿਣ ਦਾ ਹੁੰਦਾ ਹੈ ਪਰ ਉਹ ਅਫਸਰ ਹੁੰਦਾ ਤਾਂ ਹੈ ਹੀ ਨਹੀਂ, ਇਸ ਲਈ ਉਹ ਆਪਣੇ ਅਫਸਰ ਵਾਲੇ ਕੋਈ ਗੁਣ ਤਾਂ ਗ੍ਰਹਿਣ ਕਰ ਨਹੀਂ ਸਕਦਾ ਉਸ ਦੇ ਔਗੁਣ ਗ੍ਰਹਿਣ ਕਰ ਲਵੇਗਾ। ਜੂਆ ਖੇਡਣਾ (ਅਨੇਕਾਂ ਰੂਪਾਂ ਵਿਚ) ਉਸ ਦਾ ਸੁਭਾਅ ਬਣ ਜਾਂਦਾ ਹੈ।

ਜੂਆ ਲੋਭ ਦਾ ਪੁੱਤਰ ਅਤੇ ਫਜ਼ੂਲ ਖਰਚੀ ਦਾ ਪਿਉ ਹੁੰਦਾ ਹੈ। ਕਹਿੰਦੇ ਹਨ ਦੋ ਅਵਸਥਾਵਾਂ ਵਿਚ ਜੂਆ ਨਹੀਂ ਖੇਡਣਾ ਚਾਹੀਦਾ: ਇੱਕ ਜਦੋਂ ਜੂਆ ਖੇਡਣ ਦੀ ਹੈਸੀਅਤ ਨਾ ਹੋਵੇ ਅਤੇ ਦੂਜੀ ਜਦੋਂ ਹੈਸੀਅਤ ਹੋਵੇ। ਜੂਏ ਵਾਂਗ ਹੀ ਰਿਸ਼ਵਤ ਦੇ ਮੁੱਢਲੇ ਦਿਹਾੜੇ ਬੜੇ ਮਨ ਲੁਭਾਉਣੇ ਹੁੰਦੇ ਹਨ ਪਰ ਅੰਤ ਬੜਾ ਦੁੱਖਦਾਈ ਹੁੰਦਾ ਹੈ। ਰਿਸ਼ਵਤ ਨਾਲ ਬਣੀ ਜਾਇਦਾਦ ਅਮਨ ਸ਼ਾਤੀ ਨਾਲ ਵੰਡੀ ਹੀ ਨਹੀਂ ਜਾ ਸਕਦੀ। ਰਿਸ਼ਵਤਖੋਰ ਦੀ ਸੰਤਾਨ ਨੂੰ ਮਿਹਨਤ ਕਰਨ ਦੀ ਆਦਤ ਨਹੀਂ ਹੁੰਦੀ ਸੋ ਅਜਿਹੀ ਸੰਤਾਨ ਆਪਣੇ ਪਿਉ ਲਈ ਔਰੰਗਜ਼ੇਬ ਵਾਂਗ ਹੋ ਨਿਬੜਦੀ ਹੈ।

ਰਿਸ਼ਵਤ ਲੈਣ ਵਾਲੇ ਵਿਅਕਤੀ ਦਾ ਚਰਿਤਰ ਸੁੰਗੜਦਾ ਜਾਂਦਾ ਹੈ ਅਤੇ ਜੋਸ਼ ਵਧਦਾ ਜਾਂਦਾ ਹੈ। ਅਜਿਹਾ ਵਿਅਕਤੀ ਆਪਣੇ ਰਿਸ਼ਤੇਦਾਰਾਂ ਨੂੰ ਨਫਰਤ ਕਰਦਾ ਹੈ ਅਰਥਾਤ ਉਹ ਹਰ ਉਸ ਵਿਅਕਤੀ ਨੂੰ ਨਫਰਤ ਕਰਦਾ ਹੈ ਜਿਹੜਾ ਉਸ ਦੇ ਪਿਛੋਕੜ ਨੂੰ ਜਾਣਦਾ ਹੈ। ਅਜਿਹੇ ਵਿਅਕਤੀ ਨਾਲ ਗੱਲਬਾਤ ਕਰ ਕੇ ਤੁਹਾਡੀ ਇੱਛਾ ਹੋਵੇਗੀ ਕਿ ਕਿਸੇ ਕੁੱਤੇ ਨੂੰ ਥਪਕੀ ਦੇਈਏ, ਕਿਸੇ ਬਾਂਦਰ ਨਾਲ ਮੁਸਕਰਾਈਏ, ਕਿਸੇ ਗਊ, ਮੱਝ ਅੱਗੇ ਸਤਿਕਾਰ ਨਾਲ ਸਿਰ ਨਿਵਾਈਏ। ਰਿਸ਼ਵਤ ਲੈਣ ਵਾਲੇ ਕੋਲ ਚਾਰ ਵਸਤਾਂ ਉਸ ਦੇ ਅੰਦਾਜ਼ੇ ਨਾਲੋਂ ਜ਼ਿਆਦਾ ਹੁੰਦੀਆਂ ਹਨ ਗੁਨਾਹ, ਬਦਹਜ਼ਮੀ, ਬਦਨਾਮੀ ਅਤੇ ਦੁਸ਼ਮਣ। ਰਿਸ਼ਵਤ ਲੈਣ ਵਾਲਾ ਵਿਅਕਤੀ ਅਸੰਤੁਸ਼ਟ ਹੁੰਦਾ ਹੈ ਅਤੇ ਅਸੰਤੁਸ਼ਟਤਾ ਵਿਚੋਂ ਉਪਜੀ ਉਦਾਸੀ ਨੂੰ ਉਹ ਸ਼ਰਾਬ ਵਿਚ ਡੋਬਦਾ ਹੈ, ਜੂਏ ਵਿਚ ਭੁੱਲਦਾ ਹੈ ਅਤੇ ਚੋਰੀ ਦੇ ਰਿਸ਼ਤੇ ਉਸਾਰਦਾ ਹੈ। ਅਜਿਹਾ ਵਿਅਕਤੀ ਆਪਣੇ ਆਲੇ ਦੁਆਲੇ ਨਾਲ ਇਕਸੁਰ ਨਹੀਂ ਰਹਿੰਦਾ, ਉਸ ਨੂੰ ਇਕੱਲਤਾ ਦਾ ਦੁਖਾਂਤ ਭੋਗਣਾ ਪੈਂਦਾ ਹੈ। ਲੋਭੀ ਹੋਣ ਕਾਰਨ ਉਹ ਸਦਾ ਹੀ ਬੇਸ਼ਰਮ ਹੁੰਦਾ ਹੈ ਅਤੇ ਇਕੱਲਾ ਹੀ ਭਟਕਦਾ ਹੈ, ਕਿਉਂਕਿ ਉਹ ਕਿਸੇ ਵੀ ਹੰਢਣਸਾਰ ਰਿਸ਼ਤੇ ਦੇ ਯੋਗ ਨਹੀਂ ਹੁੰਦਾ।

ਰਿਸ਼ਵਤ ਲੈਣ ਵਾਲਾ ਵਿਅਕਤੀ ਆਪਣੀ ਸੰਤਾਨ ਤੋਂ ਰੱਜ ਕੇ ਦੁੱਖੀ ਹੁੰਦਾ ਹੈ ਕਿਉਂਕਿ ਉਸ ਦੀ ਸ਼ਿਕਾਇਤ ਹੁੰਦੀ ਹੈ ਕਿ ਉਹ ਜਿਹੜੀਆਂ ਕੁਰਬਾਨੀਆਂ ਕਰ ਰਿਹਾ ਹੈ, ਉਨ੍ਹਾਂ ਦਾ ਯੋਗ ਮੁੱਲ ਨਹੀਂ ਪਾਇਆ ਜਾ ਰਿਹਾ। ਸੰਤਾਨ ਖਾਣ ਹੰਢਾਉਣ ਅਤੇ ਆਪਸ ਵਿਚ ਲੜਨ ਅਰਥਾਤ ਇਕ ਦੂਜੇ ਨੂੰ ਅੰਦਰਖਾਤੇ ਲੁੱਟਣ ਦਾ ਕਾਰਜ ਕਰਦੀ ਹੈ। ਇਹੀ ਕਾਰਨ ਹੈ ਕਿ ਰਿਸ਼ਵਤ ਲੈਣ ਵਾਲੇ ਪ੍ਰਤੀ ਕਿਸੇ ਦੀ ਭਾਵਕ ਸਾਂਝ ਨਹੀਂ ਹੁੰਦੀ, ਡਰ ਜ਼ਰੂਰ ਹੁੰਦਾ ਹੈ ਕਿ ਕਿਧਰੇ ਖਰਚਾ ਨਾ ਬੰਦ ਕਰ ਦੇਵੇ। ਰਿਸ਼ਵਤ ਲੈਣ ਵਾਲਾ ਅੰਦਰੋਂ ਆਪਣੀ ਅਸਲੀਅਤ ਜਾਣਦਾ ਹੁੰਦਾ ਹੈ,

ਇਸ ਲਈ ਉਹ ਰਿਸ਼ਵਤਖੋਰਾਂ ਦੀ ਸੰਗਤ ਵਿਚ ਹੀ ਸੌਖਾ ਮਹਿਸੂਸ ਕਰਦਾ ਹੈ।

ਰਿਸ਼ਵਤ ਲੈਣ ਵਾਲੇ ਦੀ ਦੁਨੀਆਂ ਦਿਨੋ ਦਿਨ ਸੁੰਗੜਦੀ ਜਾਂਦੀ ਹੈ। ਅਜਿਹੇ ਵਿਅਕਤੀ ਦੇ ਹਾਸੇ ਅਤੇ ਅਫਸੋਸ ਵਿਚ ਕੋਈ ਡੂੰਘਾਈ ਨਹੀਂ ਹੁੰਦੀ। ਸਿਪਾਹੀ, ਪਟਵਾਰੀ ਅਤੇ ਵੇਸਵਾ ਵਾਂਗ ਰਿਸ਼ਵਤਖੋਰ ਕਿਸੇ ਦਾ ਨਹੀਂ ਹੁੰਦਾ, ਉਹ ਕੇਵਲ ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸਾਰੀ ਦੁਨੀਆਂ ਉਸ ਨੂੰ "ਮਿਹਨਤ ਨਾਲ ਕਮਾਈ ਆਮਦਨ ਹਥਿਆਉਣ ਵਾਲੀ ਭੀੜ ਪ੍ਰਤੀਤ ਹੁੰਦੀ ਹੈ। ਇਸ ਸੋਚ ਨਾਲ ਉਸ ਵਿਚ ਸ਼ੱਕ ਦੀ ਬਿਰਤੀ ਬਲਵਾਨ ਹੁੰਦੀ ਹੈ ਅਤੇ ਉਹ ਇਹ ਵੀ ਸੋਚਣ ਲਗ ਪੈਂਦਾ ਹੈ ਕਿ ਉਸ ਦੇ ਘਰ ਦੇ ਜੀਅ ਉਸ ਨੂੰ ਮਾਰਨਾ ਚਾਹੁੰਦੇ ਹਨ। ਇਹ ਸੋਚ ਉਸ ਵਿਚ ਅਨੇਕਾਂ ਬੀਮਾਰੀਆਂ ਉਪਜਾਉਂਦੀ ਹੈ। ਜਦੋਂ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਰਿਸ਼ਵਤ ਲੈਣ ਵਾਲਾ ਇਸ ਨੂੰ ਆਪਣੇ ਪਾਪਾਂ ਦੀ ਸਜ਼ਾ ਸਮਝਣ ਲਗ ਪੈਂਦਾ ਹੈ।

ਰਿਸ਼ਵਤ ਲੈਣ ਵਾਲੇ ਵਿਚ ਕਈ ਨਵੀਆਂ ਆਦਤਾਂ ਜਨਮ ਲੈਂਦੀਆਂ ਹਨ। ਉਹ ਕੱਪੜੇ ਲੋੜ ਨਾਲੋਂ ਵਧੇਰੇ ਪਾਉਂਦਾ ਹੈ, ਈਮਾਨਦਾਰੀ ਨਾਲ ਜੀਣ ਵਾਲੇ ਲੋਕਾਂ ਦੀਆਂ ਸਿਫਤਾਂ ਕਰਦਾ ਹੈ ਪਰ ਅੰਦਰੋਂ ਹੱਸਦਾ ਹੈ। ਅਜਿਹਾ ਵਿਅਕਤੀ ਲੋੜ ਨਾਲੋਂ ਵਧੇਰੇ ਬੋਲਦਾ ਹੈ ਤਾਂ ਕਿ ਕਿਧਰੇ ਦੂਜੀ ਧਿਰ ਕੁਝ ਅਜਿਹਾ ਨਾ ਕਹਿ ਦੇਵੇ ਜਿਸ ਨਾਲ ਉਸ ਦੀ ਅਸਲੀਅਤ ਪ੍ਰਗਟ ਹੋ ਜਾਵੇ॥ ਉਹ ਵੱਧ ਤੋਂ ਵੱਧ ਥਾਵਾਂ ਉਤੇ ਹਾਜ਼ਰ ਰਹਿਣ ਦਾ ਯਤਨ ਕਰੇਗਾ ਤਾਂ ਜੋ ਜਾਣ ਸਕੇ ਕਿ ਲੋਕ ਉਸ ਬਾਰੇ ਕੀ ਸੋਚਦੇ ਹਨ। ਜਦੋਂ ਕਿਧਰੇ ਰਿਸ਼ਵਤ ਦੇਣੀ ਪਵੇ, ਉਥੇ ਉਹ ਈਮਾਨਦਾਰੀ ਦੀ ਪ੍ਰਸੰਸ਼ਾ ਕਰੇਗਾ। ਰਿਸ਼ਵਤਖੋਰ ਵਿਅਕਤੀ ਕੋਲ ਉਸ ਦੀ ਮਾਂ ਭਾਵੇਂ ਰਹਿ ਲਵੇ, ਉਸ ਦਾ ਪਿਤਾ ਨਹੀਂ ਟਿਕੇਗਾ! ਸੇਵਾ ਮੁਕਤ ਹੋਣਾ ਰਿਸ਼ਵਤ ਲੈਣ ਵਾਲੇ ਵਿਅਕਤੀ ਲਈ ਸਭ ਤੋਂ ਵਧੇਰੇ ਡਰਾਉਣਾ ਖਿਆਲ ਹੁੰਦਾ ਹੈ। ਉਂਜ ਉਹ ਆਪ ਆਪਣੀ ਮਰਜ਼ੀ ਨਾਲ ਸੇਵਾ ਮੁਕਤ ਹੋਣ ਬਾਰੇ ਸੋਚਦਾ ਰਹਿੰਦਾ ਹੈ। ਅਜਿਹੇ ਵਿਅਕਤੀ ਦੀ ਆਦਤ ਹੁੰਦੀ ਹੈ ਕਿ ਜਦੋਂ ਵੀ ਉਹ ਕਿਸੇ ਸੁਰੱਖਿਅਤ ਥਾਂ ਉਤੇ ਇਕੱਲਾ ਹੋਵੇਗਾ ਤਾਂ ਹਿਸਾਬ ਕਿਤਾਬ ਹੀ ਲਾਉਂਦਾ ਰਹੇਗਾ। ਜੇ ਉਸ ਕੋਲ ਇਕ ਹਜ਼ਾਰ ਰੁਪਏ ਹੋਣ ਤਾਂ ਉਹ ਸੋਚੇਗਾ ਕਿ ਇਕ ਲੱਖ ਬਣਾਉਣ ਲਈ ਕੇਵਲ ਨੜਿਨਵੇਂ ਹਜ਼ਾਰ ਹੀ ਹੋਰ ਚਾਹੀਦੇ ਹਨ। ਬੇਸਬਰੀ ਅਤੇ ਕਾਹਲ ਕਾਰਨ ਉਹ ਆਪਣਾ ਰੇਟ ਵਧਾਉਂਦਾ ਹੈ, ਵਿਚੋਲਿਆਂ ਨੂੰ ਖਾਰਜ ਕਰਦਾ ਹੈ ਅਤੇ ਪੈਸੇ ਦੀ ਸ਼ਕਤੀ ਨਾਲ ਹਰ ਮੁਸ਼ਕਲ ਪਾਰ ਕਰਨ ਦਾ ਨਿਰਣਾ ਕਰਦਾ ਹੈ। ਅਜਿਹੇ ਵਿਅਕਤੀ ਦੀ ਨਿਰੰਤਰ ਸੋਚ ਹੁੰਦੀ ਹੈ ਕਿ ਵੱਡੇ ਰਿਸ਼ਵਤਖੋਰਾਂ ਦੀ ਢਾਣੀ ਵਿਚ ਕਿਵੇਂ ਪ੍ਰਵੇਸ਼ ਕੀਤਾ ਜਾਵੇ। ਰਿਸ਼ਵਤ ਲੈਣ ਵਾਲਾ ਵਿਅਕਤੀ ਨਿਰੰਤਰ ਰੁੱਝਿਆ ਰਹਿੰਦਾ ਹੈ, ਉਸ ਕੋਲ ਕਮਾਉਣ ਦਾ ਸਮਾਂ ਤਾਂ ਹੁੰਦਾ ਹੈ ਪਰ ਖਰਚਣ ਦੀ ਵਿਹਲ ਨਹੀਂ ਹੁੰਦੀ। ਉਹ ਚੀਜ਼ਾਂ ਦੂਜਿਆਂ ਦੇ ਨਾਂ 'ਤੇ ਖਰੀਦਦਾ ਹੈ, ਆਪਣੇ ਅਮੀਰ ਰਿਸ਼ਤੇਦਾਰਾਂ ਦੇ ਹਵਾਲੇ ਦਿੰਦਾ ਹੈ ਅਰਥਾਤ ਇਕ ਵੱਖਰੀ ਪਰ ਝੂਠੀ ਦੁਨੀਆਂ ਉਸਾਰ ਲੈਂਦਾ ਹੈ ਅਤੇ ਇਹ ਸਾਬਤ ਕਰਨ ਲਈ ਸਾਰਾ ਤਾਣ ਲਾ ਦਿੰਦਾ ਹੈ ਕਿ ਉਸ ਦੀ ਕਮਾਈ ਖੂਨ ਪਸੀਨੇ ਦੀ ਕਮਾਈ ਹੈ। ਕਈ ਵਾਰ ਅਜਿਹਾ ਵਿਅਕਤੀ ਕੋਈ ਹੋਰ ਕੰਮ ਧੰਦਾ ਵੀ ਸ਼ੁਰੂ ਕਰ ਲੈਂਦਾ ਹੈ ਜਿਸ ਨੂੰ ਬਹਾਨੇ ਵਜੋਂ ਵਰਤ ਕੇ ਉਹ ਰਿਸ਼ਵਤ ਦੀ ਕਮਾਈ ਲੁਕਾਉਂਦਾ ਹੈ।

ਰਿਸ਼ਵਤ ਲੈਣ ਵਾਲਾ ਵਿਅਕਤੀ ਇਹ ਫ਼ਲਸਫ਼ਾ ਉਸਾਰਦਾ ਹੈ ਕਿ ਪੈਸੇ ਨਾਲ ਸਾਰੇ ਕੰਮ ਕਰਵਾਏ ਜਾ ਸਕਦੇ ਹਨ। ਉਸ ਨੂੰ ਸੰਤਾਨ ਅਜਿਹੀ ਮਿਲਦੀ ਹੈ ਜਿਹੜੀ ਉਸ ਦੀ ਮੌਤ ਉਡੀਕਦੀ ਹੈ ਪਰ ਜਿਉਂਦੇ ਜੀਅ ਰਿਸ਼ਵਤਖੋਰ ਪੈਸੇ ਉਤੇ ਕੁੰਡਲੀ ਮਾਰ ਕੇ ਬੈਠਦਾ ਹੈ। ਅਜਿਹੇ ਵਿਅਕਤੀ ਨਾਲ ਦੁਖਾਂਤ ਇਹ ਵਾਪਰਦਾ ਹੈ ਕਿ ਉਸ ਨੂੰ ਜ਼ਿੰਦਗੀ ਦਾ ਕੋਈ ਉਸਾਰੂ ਪੱਖ ਦਿਖਾਈ ਹੀ ਨਹੀਂ ਦਿੰਦਾ, ਸਾਰਾ ਸੰਸਾਰ ਹੀ ਉਸ ਲਈ ਭ੍ਰਿਸ਼ਟ ਗਿਆ ਪ੍ਰਤੀਤ ਹੁੰਦਾ ਹੈ।

ਜਿਉਂ-ਜਿਉਂ ਰਿਸ਼ਵਤਖੋਰ ਕੋਲ ਪੈਸੇ ਵਧਦੇ ਜਾਂਦੇ ਹਨ, ਉਹ ਤਿਉਂ-ਤਿਉਂ ਅੰਦਰੋਂ ਗਰੀਬ ਹੁੰਦਾ ਜਾਂਦਾ ਹੈ।
ਰਿਸ਼ਵਤ ਦਾ ਸਭਿਆਚਾਰ ਇਸ ਹੱਦ ਤਕ ਪਸਰ ਗਿਆ ਹੈ ਕਿ ਬਹੁਤੇ ਲੋਕਾਂ ਨੂੰ ਰਿਸ਼ਵਤ ਲੈਣ ਲਗਿਆਂ ਉਨ੍ਹਾਂ ਦੀ ਆਤਮਾ ਕੋਸਦੀ ਨਹੀਂ। ਅਸਲ ਵਿਚ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਵਿਚਲੀ ਆਤਮਾ ਮਰ ਚੁੱਕੀ ਹੁੰਦੀ ਹੈ।
ਰਿਸ਼ਵਤਖੋਰ ਨੂੰ ਪੁਸਤਕਾਂ ਚੰਗੀਆਂ ਨਹੀਂ ਲਗਦੀਆਂ। ਉਹ ਚੰਗੇ ਲੋਕਾਂ ਦੀ ਸੰਗਤ ਨਹੀਂ ਮਾਣ ਸਕਦਾ।

ਕੀ ਇਹ ਛੋਟੀਆਂ ਸਜ਼ਾਵਾਂ ਹਨ ?

ਰਿਸ਼ਵਤ ਲੈਣ ਵਾਲੇ ਵਿਅਕਤੀ ਦੀ ਸਥਿਤੀ ਉਸ ਵਿਅਕਤੀ ਵਾਲੀ ਹੋ ਜਾਂਦੀ ਹੈ ਜਿਹੜਾ ਬਹੁਤ ਵੱਡੇ ਮਹੱਲ ਵਿਚ ਇਕੱਲਾ ਰਹਿ ਰਿਹਾ ਹੋਵੇ, ਜਿਹੜਾ ਚੌੜੀ ਸੜਕ ਉਤੇ ਇਕੱਲਾ ਭਟਕ ਰਿਹਾ ਹੋਵੇ, ਜਿਹੜਾ ਮਰ ਚੁੱਕਾ ਹੋਵੇ ਪਰ ਜਿਸ ਦਾ ਸੰਸਕਾਰ ਨਾ ਹੋ ਰਿਹਾ ਹੋਵੇ।

## 11.2.3 ਨਰਿੰਦਰ ਸਿੰਘ ਕਪੂਰ ਦੇ ਲੇਖ 'ਰਿਸ਼ਵਤ'ਦਾ ਕਲਾ ਪੱਖ

'ਰਿਸ਼ਵਤ' ਲੇਖ ਦਾ ਭਾਰਤੀ ਸਮਾਜ ਨੂੰ ਗ੍ਰਹਿਣ ਵਜੋਂ ਲੱਗੀ ਬਿਮਾਰੀ ਭ੍ਰਿਸ਼ਟਾਚਾਰ ਨਾਲ ਸਬੰਧ ਹੈ। ਲੇਖਕ ਦਾ ਮੰਨਣਾ ਹੈ ਕਿ ਸਿੱਕੇ ਦਾ ਪਾਸਾਰ ਅਤੇ ਵਧਦੀਆਂ ਹੋਈਆਂ ਕੀਮਤਾਂ ਨਾਲ ਆਮ ਜੀਵਨ ਵੱਡੀ ਵੱਧਰ ਉੱਤੇ ਪ੍ਰਭਾਵਿਤ ਹੁੰਦਾ ਹੈ। ਮਨੁੱਖ ਵਧੀਆਂ ਹੋਈਆਂ ਕੀਮਤਾਂ ਤੋਂ ਨਿਜਾਤ ਪਾਉਣ ਦੇ ਸਮਰੱਥ ਤਾਂ ਨਹੀਂ ਹੁੰਦਾ ਪਰ ਇਸ ਤੋਂ ਬਚਣ ਲਈ ਵੱਖਰੀ ਕਿਸਮ ਦੇ ਢੰਗ ਤਰੀਕੇ ਲੱਭਦਾ ਹੈ। ਇਨ੍ਹਾਂ ਵਿਚ ਰਿਸ਼ਵਤ ਲੈਣਾ ਸੱਭ ਤੋਂ ਮਾਰੂ ਤਰੀਕਾ ਹੈ। ਲੇਖਕ ਦਾ ਇਹ ਵੀ ਵਿਚਾਰ ਹੈ ਕਿ ਮਹਿੰਗਾਈ ਕਾਰਨ ਇਨਸਾਨ ਦਾ ਸੁਭਾਅ ਬਣ ਜਾਂਦਾ ਹੈ ਕਿ ਉਹ ਹਰ ਕਾਰ ਵਿਹਾਰ ਵਿਚੋਂ ਛੇਤੀ ਤੋਂ ਛੇਤੀ ਅਤੇ ਵੱਧ ਤੋਂ ਵੱਧ ਆਮਦਨ ਹਾਸਿਲ ਕਰੇ ਕਿਉਂਕਿ ਮਨੁੱਖ ਸਬਰ ਸੰਜਮ ਨੂੰ ਮਜਬੂਰੀ ਵੱਸ ਛੱਡਦਾ ਹੈ। ਉਸ ਦਾ ਕਥਨ ਹੈ:

"ਜਦੋਂ ਕੀਮਤਾਂ ਸਥਿਰ ਹੁੰਦੀਆਂ ਸਨ, ਉਦੋਂ ਹੀ ਟਾਹਲੀ ਤੇ ਅੰਬ ਆਦਿ ਦੇ ਬੂਟੇ ਲਾਏ ਜਾਂਦੇ ਸਨ, ਕਿਉਂਕਿ ਇਹ ਬੂਟੇ ਉਸੇ ਸਮਾਜ ਵਿਚ ਲਾਏ ਜਾ ਸਕਦੇ ਹਨ, ਜਿਥੇ ਸਬਰ ਹੋਵੇ, ਸੰਜਮ ਹੋਵੇ ਅਤੇ ਸੰਤੋਖ ਹੋਵੇ। ਵਧਦੀਆਂ ਕੀਮਤਾਂ ਦੇ ਯੁੱਗ ਵਿਚ ਤਾਂ ਸਫੈਦੇ ਦੇ ਰੁੱਖ ਹੀ ਲਾਏ ਜਾ ਸਕਦੇ ਹਨ।"

ਆਪਣੇ ਲੇਖ ਵਿਚ ਅੱਗੇ ਜਾ ਕੇ ਲੇਖਕ ਰਿਸ਼ਵਤ ਦੇ ਵੱਖ-ਵੱਖ ਰੂਪਾਂ ਦੀ ਵਿਆਖਿਆ ਕਰਦਾ ਹੈ। ਉਸ ਅਨੁਸਾਰ ਰਿਸ਼ਵਤ ਕੇਵਲ ਪੈਸੇ ਦੇ ਰੂਪ ਵਿਚ ਹੀ ਨਹੀਂ ਦਿੱਤੀ ਜਾਂਦੀ ਸਗੋਂ ਇਸ ਦੇ ਕਈ ਸਾਧਨ ਹਨ। ਕਿਸੇ ਨੂੰ ਆਪਣਾ ਕੰਮ ਕਰਵਾਉਣਾ ਲਈ ਜਿਸਮ ਸੌਂਪਣਾ ਤੋਂ

ਲੈ ਕੇ ਆਤਮਾ ਦੀ ਆਵਾਜ਼ ਨੂੰ ਦਬਾਉਣ ਤੱਕ ਰਿਸ਼ਵਤ ਦਾ ਆਧਾਰ ਬਣਾਇਆ ਹੋਇਆ ਹੈ। ਉਂਝ ਲੇਖਕ ਸਾਵਧਾਨ ਵੀ ਕਰਦਾ ਹੈ ਕਿ ਰਿਸ਼ਵਤ ਦੀ ਆਮਦਨ ਕਿਸੇ ਨੂੰ ਨਹੀਂ ਫਲਦੀ। ਉਸ ਮੁਤਾਬਕ ਇਨਸਾਨ ਜੋ ਵੀ ਕਰਮ ਕਰਦਾ ਹੈ ਉਸ ਦੀ ਸਜ਼ਾ ਉਸ ਨੂੰ ਇਸੇ ਜਨਮ ਵਿਚ ਹੀ ਭੁਗਤਣੀ ਪੈਂਦੀ ਹੈ। ਰਿਸ਼ਵਤਖੋਰ ਇਸ ਤਰ੍ਹਾਂ ਦੀ ਕਮਾਈ ਨੂੰ ਖ਼ਰਚ ਕਰਦਿਆਂ ਕੋਈ ਦਰਦ ਮਹਿਸੂਸ ਨਹੀਂ ਕਰਦਾ। ਸਗੋਂ ਇਸ ਨੂੰ ਉਡਾਉਂਦਾ ਹੈ ਅਤੇ ਇਸ ਤਰ੍ਹਾਂ ਦੇ ਪੈਸੇ ਨਾਲ ਮਨੁੱਖ ਦੇ ਅੰਦਰ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੁੰਦੇ ਹਨ।
ਰਿਸ਼ਵਤ ਦਾ ਪੈਸਾ ਮਨੁੱਖੀ ਰਿਸ਼ਤਿਆਂ ਵਿਚ ਵੀ ਟੁੱਟ-ਭੱਜ ਲਿਆਉਂਦਾ ਹੈ। ਰਿਸ਼ਵਤਖੋਰ ਇਨਸਾਨ ਗ਼ੈਰ-ਕਾਨੂੰਨੀ ਢੰਗ ਨਾਲ ਕਮਾਏ ਪੈਸੇ ਨੂੰ ਖ਼ਰਚ ਕਰਕੇ ਕਈ ਅਜਿਹੇ ਕਰਮ ਕਰਦਾ ਹੈ ਜਿਸ ਨਾਲ ਉਸ ਦੀ ਪਤਨੀ, ਬੱਚਿਆਂ ਅਤੇ ਇਥੋਂ ਤੱਕ ਕਿ ਮਾਪਿਆਂ ਨਾਲ ਸਬੰਧਾਂ ਉਤੇ ਵੀ ਅਸਰ ਪੈਂਦਾ ਹੈ। ਅਜਿਹਾ ਇਸ ਲਈ ਵੀ ਹੁੰਦਾ ਹੈ ਕਿ ਅਜਿਹਾ ਮਨੁੱਖ ਐਸ਼ੋ ਇਸ਼ਰਤ ਦਾ ਜੀਵਨ ਸ਼ੁਰੂ ਕਰ ਲੈਂਦਾ ਹੈ ਅਤੇ ਆਪਣੇ-ਆਪ ਨੂੰ ਹੋਰਨਾਂ ਨਾਲੋਂ ਚੰਗੇਰਾ ਸਮਝਣ ਲੱਗਦਾ ਹੈ। ਇਸ ਦਾ ਅਸਰ ਉਸ ਦੀ ਉਲਾਦ ਉੱਤੇ ਵੀ ਬੁਰਾ ਪੈਂਦਾ ਹੈ। ਲੇਖਕ ਅਨੁਸਾਰ:

"ਰਿਸ਼ਵਤ ਨਾਲ ਬਣੀ ਜਾਇਦਾਦ ਅਮਨ ਸ਼ਾਂਤੀ ਨਾਲ ਨਹੀਂ ਵੰਡੀ ਜਾ ਸਕਦੀ। ਰਿਸ਼ਵਤਖੋਰ ਦੀ ਸੰਤਾਨ ਨੂੰ ਮਿਹਨਤ ਕਰਨ ਦੀ ਆਦਤ ਨਹੀਂ ਹੁੰਦੀ, ਸੋ ਅਜਿਹੀ ਸੰਤਾਨ ਆਪਣੇ ਸ਼ਾਹਜਹਾਂ ਪਿਓ ਲਈ, ਔਰੰਗਜ਼ੇਬ ਵਾਂਗ ਹੋ ਨਿਬੜਦੀ ਹੈ।"
ਰਿਸ਼ਵਤ ਦੇ ਰਿਸ਼ਤੇਦਾਰ ਤਾਂ ਕੀ ਉਸ ਦੀ ਸੰਤਾਨ ਵੀ ਉਸ ਦੀ ਆਪਣੀ ਨਹੀਂ ਬਣਦੀ ਸਗੋਂ ਬੱਚੇ ਇੰਤਜ਼ਾਰ ਕਰਦੇ ਹਨ ਕਿ ਉਨ੍ਹਾਂ ਦਾ ਪਿਓ ਮਰੇ ਅਤੇ ਇਹ ਪੈਸਾ ਉਹ ਉਡਾਉਣ। ਦੂਜੇ ਪਾਸੇ ਰਿਸ਼ਵਤ ਨਾਲ ਜਮਾਂ ਕੀਤਾ ਧਨ ਮਨੁੱਖ 'ਚੋਂ ਇਨਸਾਨੀਅਤ ਨੂੰ ਮਨਫ਼ੀ ਕਰਦਾ ਰਹਿੰਦਾ ਹੈ। ਉਸਨੂੰ ਹਰੇਕ ਉਤੇ ਸ਼ੱਕ ਹੋਣ ਲਗਦਾ ਹੈ ਅਤੇ ਇਸ ਕਾਰਨ ਉਹ ਸਭ ਕੁਝ ਹੁੰਦਿਆਂ ਹੋਇਆ ਵੀ ਦੁਨੀਆਂ ਵਿਚ ਇਕੱਲਾ ਰਹਿ ਜਾਂਦਾ ਹੈ।

ਇੰਝ ਇਹ ਲੇਖ ਸਮਾਜ ਦੀ ਇਕ ਵੱਡੀ ਕੁਰੀਤੀ ਤੋਂ ਪਰਦਾ ਚੁੱਕਦਾ ਹੋਇਆ ਮਨੁੱਖੀ ਸਮਾਜ ਨੂੰ ਇਸ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦਾ ਹੈ। ਸਾਹਿਤ ਅਜਿਹੀ ਰਚਨਾ ਹੁੰਦੀ ਹੈ ਜੋ ਲੇਖਕ ਦੁਆਰਾ ਆਪਣੇ ਜੀਵਨ ਦੌਰਾਨ ਆਲੇ-ਦੁਆਲੇ ਵਾਪਰੇ ਅਹਿਸਾਸਾਂ 'ਚੋਂ ਗ੍ਰਹਿਣ ਕੀਤੇ ਵਿਸ਼ਿਆਂ ਦਾ ਪ੍ਰਤੀਬਿੰਬਾਂ ਰਾਹੀਂ ਸੁਹਜਾਤਮਕ ਢੰਗ ਨਾਲ ਪ੍ਰਗਟਾਵਾ ਕਰਦੀ ਹੈ। ਇਉਂ ਸਾਹਿਤ ਸਮਾਜ ਨੂੰ ਸੇਧ ਦੇਣ ਦਾ ਇਕ ਸਿਧਾਂਤਕ ਕਾਰਜ ਕਰਦਾ ਹੈ। ਸਾਹਿਤ ਦੀ ਸਿਰਜਣ ਪ੍ਰਕਿਰਿਆ ਪਿਛੇ ਲੇਖਕ ਦੀ ਰੁਚੀ ਅਨੁਸਾਰ ਉਸ ਦਾ ਰਹਿਣ ਸਹਿਣ, ਆਦਰਸ਼ਾਂ, ਤਾਂਘ, ਰੋਹ, ਗ਼ਮ, ਲੋੜ ਆਦਿ ਕਾਰਕ ਕਾਰਜਸ਼ੀਲ ਹੁੰਦੇ ਹਨ। ਬੁੱਧੀ, ਵਿਚਾਰ, ਜਜ਼ਬਾ, ਭਾਵ, ਕਲਪਨਾ, ਪ੍ਰਤੀਕ, ਬਿੰਬ ਆਦਿ ਸਾਹਿਤ ਰਚਨਾ ਦੇ ਪ੍ਰਮੁੱਖ ਤੱਤ ਬਣਦੇ ਹਨ। ਇਸ ਲੇਖ ਵਿਚ ਨਰਿੰਦਰ ਸਿੰਘ ਕਪੂਰ ਇਨ੍ਹਾਂ ਸਾਰੇ ਤੱਤਾਂ ਦਾ ਪਾਲਣ ਕਰਦਾ ਨਜ਼ਰ ਆਉਂਦਾ ਹੈ। ਆਪਣੇ ਇਸ ਲੇਖ ਵਿਚ ਟੇਢੇ ਯਾਨਿ ਵਿਅੰਗਾਤਮਕ ਢੰਗ ਨਾਲ ਆਪਣੇ ਵਿਸ਼ੇ ਨੂੰ ਪੇਸ਼ ਹੀ ਨਹੀਂ ਕਰਦਾ ਸਗੋਂ ਸਥਾਪਤ ਕਰਦਾ ਹੈ। ਰਿਸ਼ਵਤ ਨੂੰ ਪਰਿਭਾਸ਼ਤ ਕਰਦਿਆਂ ਉਹ ਵਿਅੰਗਮਈ ਸ਼ੈਲੀ ਵਿਚ ਲਿਖਦਾ ਹੈ:

"ਨਜ਼ਰਾਨਾ, ਇਵਜ਼ਾਨਾ, ਜੁਰਮਾਨਾ ਅਤੇ ਹਰਜਾਨਾ ਦਫ਼ਤਰੀ ਕੰਮ ਦੇ ਚਾਰ ਪ੍ਰਮੁੱਖ ਸੰਕਲਪ ਹਨ। ਰਿਸ਼ਵਤ ਦਾ ਸੰਕਲਪ ਇਨ੍ਹਾਂ ਦੇ ਆਲੇ-ਦੁਆਲੇ ਘੁੰਮਦਾ ਹੈ।"

ਆਪਣੇ ਵਿਅੰਗ ਨੂੰ ਹੋਰ ਤਿੱਖਾ ਕਰਨ ਲਈ ਲੇਖਕ ਇਤਿਹਾਸ ਵਿਚੋਂ ਭਰਪੂਰ ਹਵਾਲੇ ਲੈਂਦਾ ਹੈ। ਉਸ ਦੇ ਇਨ੍ਹਾਂ ਹਵਾਲਿਆਂ ਰਾਹੀਂ ਪਾਠਕ ਆਪਣੇ ਪਿਛੋਕੜ ਵੱਲ ਝਾਕਣ ਲਈ ਮਜਬੂਰ ਹੋ ਜਾਂਦਾ ਹੈ। ਇਹ ਗੱਲ ਉਦੋਂ ਦੀ ਪ੍ਰਤੱਖ ਹੋ ਜਾਂਦੀ ਹੈ ਜਦੋਂ ਉਹ ਰਿਸ਼ਵਤਖੋਰ ਦੀ ਤੁਲਨਾ ਮੁਗਲ ਬਾਦਸ਼ਾਹ ਸ਼ਾਹਜਹਾਨ ਨਾਲ ਕਰਦਾ ਹੈ ਜਿਸ ਦੇ ਪੁੱਤਰ ਔਰੰਗਜ਼ੇਬ ਦੇ ਰਾਜ ਤਖਤ ਹਾਸਿਲ ਕਰਨ ਲਈ ਸਿਰਫ ਆਪਣੇ ਪਿਓ ਨੂੰ ਹੀ ਕੈਦ ਵਿਚ ਸੁੱਟ ਕੇ ਨਹੀਂ ਮਰਵਾ ਦਿੱਤਾ ਸੀ ਸਗੋਂ ਆਪਣੇ ਭਰਾ ਅਤੇ ਭੈਣਾ ਨੂੰ ਵੀ ਕਤਲ ਕਰਵਾ ਦਿੱਤਾ ਸੀ। ਇੰਝ ਲੇਖਕ ਰਿਸ਼ਵਤ ਪ੍ਰਤੀ ਨਫ਼ਰਤ ਪੈਦਾ ਕਰਨ ਦੀ ਬੇਜੋੜ ਕੋਸ਼ਿਸ਼ ਕਰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਕਵਿਤਾ ਦਿੱਲ 'ਚੋਂ ਨਿਕਲਦੀ ਹੈ ਅਤੇ ਵਾਰਤਕ ਦਿਮਾਗ਼ ਦੀ ਉਪਜ ਹੁੰਦੀ ਹੈ। ਨਰਿੰਦਰ ਸਿੰਘ ਦਾ ਇਹ ਲੇਖ 'ਰਿਸ਼ਵਤ' ਵੀ ਇਕ ਬੁਧੀਜੀਵੀ ਵਲੋਂ ਅਜਿਹੀ ਸਮਾਜਿਕ ਬਿਮਾਰੀ ਦਾ ਪਾਜ ਖੋਹਲਣਾ ਹੈ ਜਿਹੜੀ ਸਮਾਜ ਨੂੰ ਘੁਣ ਵਾਂਗ ਲੱਗੀ ਹੋਈ ਹੈ। ਉਹ ਰਿਸ਼ਵਤ ਲੈਣ ਦੇ ਕਾਰਣ ਹੀ ਨਹੀਂ ਦੱਸਦਾ ਸਗੋਂ ਇਸ ਦੇ ਦੂਰ ਪ੍ਰਭਾਵ ਦਾ ਪਰਦਾਫਾਸ਼ ਕਰ ਰਿਹਾ ਹੈ। ਇਹ ਲੇਖ ਪੜ੍ਹਨ ਤੋਂ ਬਾਅਦ ਰਿਸ਼ਵਤਖੋਰ ਵਿਅਕਤੀ ਵਿਚ ਜੇ ਥੋੜ੍ਹੀ ਵੀ ਇਨਸਾਨੀਅਤ ਬਚੀ ਹੋਵੇ ਤਾਂ ਉਸ ਨੂੰ ਰੱਬ ਦਾ ਖੌਫ ਜ਼ਰੂਰ ਆਏਗਾ ਅਤੇ ਉਹ ਆਪ ਹੀ ਰਿਸ਼ਵਤ ਲੈਣ ਤੋਂ ਤੋਬਾ ਨਹੀਂ ਕਰੇਗਾ ਸਗੋਂ ਹੋਰਨਾਂ ਨੂੰ ਵੀ ਇਸ ਤੋਂ ਬਚਣ ਦੀ ਪ੍ਰੇਰਨਾ ਦਏਗਾ ਇਸ ਤਰ੍ਹਾਂ ਲੇਖ ਰਾਹੀਂ ਲੇਖਕ ਰਿਸ਼ਵਤ ਖਿਲਾਫ਼ ਇਕ ਜਨ-ਚੇਤਨਾ ਜਗਾਉਣ ਵਿਚ ਸਫਲ ਹੋਇਆ ਜਾਪਦਾ ਹੈ।

ਇਸ ਲੇਖ ਦੀ ਪੜ੍ਹਤ ਨਾਲ ਪਾਠਕ ਨੂੰ ਰਸ ਅਤੇ ਗਿਆਨ ਦੀ ਪ੍ਰਾਪਤੀ ਹੋਣ ਦੇ ਨਾਲ-ਨਾਲ ਇਸ ਦੇ ਉਪਦੇਸ਼ ਨੂੰ ਵਿਹਾਰਕ ਜੀਵਨ ਵਿਚ ਲਾਗੂ ਕਰਨ ਦੀ ਸ਼ਿੱਦਤ ਜਾਗਦੀ ਹੈ। ਇਸ ਤਰ੍ਹਾਂ ਇਹ ਰਚਨਾ ਮਹਿਜ ਗਿਆਨ ਪ੍ਰਾਪਤੀ ਜਾਂ ਮਨੋਰੰਜਨ ਦਾ ਸਾਧਨ ਹੀ ਨਹੀਂ ਰਹਿ ਜਾਂਦੀ ਸਗੋਂ ਇਹ ਯਥਾਰਥ ਦੇ ਨੇੜੇ ਹੋਣ ਕਾਰਨ ਅਗਾਂਹਵਧੂ ਤੇ ਇਨਕਲਾਬੀ ਕਿਸਮ ਦੇ ਵਿਚਾਰ ਪਾਠਕ ਦੇ ਮਨ ਵਿਚ ਜਗਾਉਂਦੀ ਹੈ।

ਕੋਈ ਵੀ ਵਾਰਤਕ ਰਚਨਾਂ ਤਾਂ ਹੀ ਸਫਲ ਮੰਨੀ ਜਾਂਦੀ ਹੈ ਜਦੋਂ ਉਹ ਸਹਿਜ ਹੋਵੇ ਅਤੇ ਜਿਸਦਾ ਸੰਚਾਰ ਨਾਲੋ-ਨਾਲ ਪਾਠਕ ਤੱਕ ਹੋਵੇ। ਇਸ ਲੇਖ ਵਿਚ ਲੇਖਕ ਦੀ ਸ਼ੈਲੀ ਬਿਰਤਾਂਤਮਈ ਹੋਣ ਕਾਰਨ ਇਹ ਸਹਿਜੇ ਹੀ ਪਾਠਕ ਤੱਕ ਸੰਚਾਰਿਤ ਹੋ ਰਹੀ ਹੈ। ਇਹੋ ਕਾਰਨ ਹੈ ਕਿ ਇਸ ਵਿਚ ਪਾਠਕ ਦੇ ਮਨ ਅੰਦਰ ਰਿਸ਼ਵਤਖੋਰੀ ਪ੍ਰਤੀ ਘ੍ਰਿਣਾ ਪੈਦਾ ਕਰਨ ਦੀ ਸਮਰਥਾ ਹੈ। ਲੇਖਕ ਨੇ ਵੰਨ-ਸੁਵੰਨੇ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਰਾਹੀਂ ਆਪਣੀ ਵਾਰਤਕ ਸ਼ੈਲੀ ਨੂੰ ਸੁੰਦਰ ਵੀ ਬਣਾਇਆਹੈ ਅਤੇ ਪਾਠਕ ਵਿਚ ਇਸ ਲੇਖ ਨੂੰ ਪੜ੍ਹਨ ਦੀ ਉਤਜੇਨਾ ਵੀ ਜਗਾਈ ਹੈ। ਇਥੋਂ ਤੱਕ ਕਿ ਲੇਖਕ ਆਪਣੀ ਰਚਨਾਂ ਵਿਚ ਇਕ ਫੋਟੋਗ੍ਰਾਫਰ ਵਾਂਗ ਤਸਵੀਰ ਖਿੱਚਦਾ ਹੈ ਜਿਹੜੀ ਪਾਠਕ ਦੇ ਧੁਰ ਅੰਦਰ ਤੱਕ ਅਸਰ ਕਰਦੀ ਹੈ:

"ਰਿਸ਼ਵਤ ਲੈਣ ਵਾਲੇ ਮਨੁੱਖ ਦੀ ਸਥਿਤੀ ਉਸ ਵਿਅਕਤੀ ਵਾਲੀ ਹੋ ਜਾਂਦੀ ਹੈ। ਜਿਹੜਾ ਬਹੁਤ ਵੱਡੇ ਮਹੱਲ ਵਿਚ ਰਹਿ ਰਿਹਾ ਹੋਵੇ, ਜਿਹੜਾ ਚੌੜੀ ਸੜਕ ਉਤੇ ਇਕੱਲਾ ਭਟਕ ਰਿਹਾ ਹੈ, ਜਿਹੜਾ ਮਰ ਚੁੱਕਾ ਹੋਵੇ ਪਰ ਜਿਸਦਾ ਸੰਸਕਾਰ ਨਾ ਹੋਇਆ ਹੋਵੇ।"

ਇਸ ਤਰ੍ਹਾਂ ਇਹ ਲੇਖ ਕੇਵਲ ਉਪਦੇਸ਼ਾਤਮਕ ਹੀ ਨਹੀਂ, ਸਗੋਂ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਸਾਧਾਰਨ ਅਤੇ ਸੌਖੀ ਭਾਸ਼ਾ

ਦਾ ਉਪਯੋਗ ਕਰਕੇ ਲੇਖਕ ਨੇ ਇਸ ਨੂੰ ਆਮ ਪਾਠਕ ਦੀ ਪਹੁੰਚ ਵਿਚ ਰੱਖਿਆ ਹੈ। ਉਂਝ ਵੀ ਨਰਿੰਦਰ ਸਿੰਘ ਕਪੂਰ ਸਾਡੇ ਸਮਿਆਂ ਦਾ ਇਕ ਪ੍ਰੌੜ ਵਾਰਤਕਾਰ ਹੈ ਅਤੇ ਉਸ ਦੀ ਇਹ ਰਚਨਾਂ ਉਸ ਦੀ ਪ੍ਰੌੜਤਾ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੀ ਹੈ।

**ਅਭਿਆਸ ਦੂਜਾ**

ਪ੍ਰਸ਼ਨ 1. ਨਰਿੰਦਰ ਸਿੰਘ ਕਪੂਰ ਰਚਿਤ ਕੋਈਚਾਰ ਵਾਰਤਕ ਪੁਸਤਕਾਂ ਦੇ ਨਾਮ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 2. ਨਰਿੰਦਰ ਸਿੰਘ ਕਪੂਰ ਨੇ ਆਪਣੇ ਲੇਖ 'ਰਿਸ਼ਵਤ'ਰਾਹੀਂ ਰਿਸ਼ਵਤਖੋਰੀ ਲਈ ਕਿਸ ਚੀਜ਼ ਨੂੰ ਜ਼ਿੰਮੇਵਾਰ ਠਹਿਰਾਇਆ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 3. ਰਿਸ਼ਵਤ ਲੈਣ ਵਾਲਾ ਵਿਅਕਤੀ ਦੂਜਿਆਂ ਉਤੇ ਸ਼ੱਕ ਕਿਉਂ ਕਰਦਾ ਹੈ।

ਉੱਤਰ ..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 4. ਰਿਸ਼ਵਤ ਲੈਣ ਵਾਲੇ ਇਨਸਾਨ ਦੀ ਸੰਤਾਨ ਕਿਹੋ ਜਿਹੀ ਹੁੰਦੀ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

**ਪੁਸਤਕ ਸੂਚੀ**


1. ਕਰਨਜੀਤ ਸਿੰਘ, ਪੁਰਾਤਨ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2006
2. ਸਤਿੰਦਰ ਸਿੰਘ, ਆਧੁਨਿਕ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2007
3. ਵਰਿਆਮ ਸਿੰਘ ਸੰਧੂ, ਵੀਹਵੀਂ ਸਦੀ ਦੀ ਪੰਜਾਬੀ ਵਾਰਤਕ, ਸਾਹਿਤ ਅਕਦਾਦਮੀ, 2003


ignou THE PEOPLE'S UNIVERSITY